# ਆਬਕਾਰੀ ਨੀਤੀ ਸਾਲ 2016-17

1.0 ਦੇਸੀ ਸ਼ਰਾਬ ਦਾ ਉਤਪਾਦਨ : ਪੰਜਾਬ ਰਾਜ ਵਿੱਚ ਇਸ ਵੇਲੇ 17 ਡਿਸਟਿਲਰੀਆਂ ਚੱਲ ਰਹੀਆਂ ਹਨ, ਜੋ ਕਿ ਦੇਸੀ ਸ਼ਰਾਬ ਦਾ ਉਤਪਾਦਨ ਕਰਦੀਆਂ ਹਨ। ਪੰਜਾਬ ਵਿੱਚ ਵਿਕਣ ਵਾਲੀ ਦੇਸੀ ਸ਼ਰਾਬ ਸਿਰਫ ਈ.ਐਨ.ਏ ਤੋਂ ਬਣਾਈ ਜਾਣੀ ਲਾਜ਼ਮੀ ਕੀਤੀ ਗਈ ਹੈ।

2.0 ਦੇਸੀ ਸ਼ਰਾਬ ਦਾ ਕੋਟਾ:- ਸਾਲ 2016-17 ਲਈ ਦੇਸੀ ਸਰਾਬ ਦਾ ਕੋਟਾ 980 ਲੱਖ ਪਰੂਫ ਲੀਟਰ ਤੋਂ ਵਧਾ ਕੇ 1030 ਲੱਖ ਪਰੂਫ ਲੀਟਰ ਕਰ ਦਿੱਤਾ ਗਿਆ ਹੈ। ਪੰਜਾਬ ਪੱਧਰ ਤੇ ਇਸ ਨਿਰਧਾਰਤ ਕੀਤੇ ਕੋਟੇ ਨੂੰ ਆਬਕਾਰੀ ਤੇ ਕਰ ਕਮਿਸ਼ਨਰ ਮੰਡਲਾਂ ਵਿੱਚ, ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਮੰਡਲ ਦੇ ਜਿਲ੍ਹਿਆਂ ਵਿੱਚ ਅਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਜਿਲ੍ਹੇ ਦੇ ਆਬਕਾਰੀ ਸਰਕਲਾਂ ਵਿੱਚ ਵੰਡਣਗੇ। ਫਿਰ ਇਹ ਕੋਟਾ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਵੱਖ-ਵੱਖ ਸ਼ਰਾਬ ਦੇ ਠੇਕਿਆਂ ਦੇ ਲਸੰਸਿੰਗ ਯੂਨਿਟਾਂ/ਗਰੁਪ ਜਾਂ ਜੋਨ ਦਰਮਿਆਨ ਅਨੁਮਾਨਤ ਖਪਤ ਦੇ ਆਧਾਰ ਤੇ ਵੰਡ ਦਿੱਤਾ ਜਾਵੇਗਾ। ਕਿਸੇ ਇੱਕ ਸ਼ਹਿਰੀ ਇਲਾਕੇ ਦੇ ਸਾਰੇ ਅਤੇ ਕਿਸੇ ਇੱਕ ਪਿੰਡ ਵਿੱਚ ਇੱਕ ਤੋਂ ਵੱਧ ਲਸੰਸਿੰਗ ਯੂਨਿਟ/ਗਰੁੱਪ ਅਤੇ ਜੋਨ ਲਈ, ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦਾ ਕੋਟਾ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੁਆਰਾ ਮੰਗ ਅਤੇ ਪਿਛਲੀ ਐਲੋਕੇਸਨ ਦੇ ਆਧਾਰ ਤੇ ਨਿਸਚਿਤ ਕੀਤਾ ਜਾਵੇਗਾ। ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦਾ ਲਸੰਸਿੰਗ ਯੂਨਿਟ/ ਗਰੁੱਪ ਅਤੇ ਜੋਨ ਵਾਈਜ ਕੋਟਾ ਪਰੂਫ ਲੀਟਰਾਂ ਵਿੱਚ ਅਤੇ ਬੀਅਰ ਦਾ ਕੋਟਾ ਬਲਕ ਲੀਟਰਾਂ ਵਿੱਚ ਅਤੇ ਉਸ ਦੀ ਬਣਦੀ ਲਾਇਸੰਸ ਫੀਸ ਚਾਹਵਾਨ ਬਿਨੈਕਾਰਾਂ ਨੂੰ ਲਾਟਰੀ ਦੇ ਡਰਾਅ ਕੱਢਣ ਤੋਂ ਪਹਿਲਾਂ ਸੂਚਨਾਂ ਲਈ ਉੱਘੇ ਤੌਰ ਤੇ ਪ੍ਰਦਰਸ਼ਿਤ ਕੀਤੀ ਜਾਵੇਗੀ।

3.0 ਦੇਸੀ ਸ਼ਰਾਬ ਦੇ ਫਿਕਸ ਅਤੇ ਓਪਨ ਕੋਟੇ ਦਾ ਅਨੁਪਾਤ:- ਹਰ ਸਾਲ ਆਬਕਾਰੀ ਨੀਤੀ ਵਿੱਚ ਠੇਕੇਦਾਰ ਨੂੰ ਆਪਣੇ ਕੋਟੇ ਵਿੱਚੋਂ ਕੁੱਝ ਹਿੱਸਾ ਵਿਭਾਗ ਦੁਆਰਾ ਨਿਰਧਾਰਤ ਕੀਤੀ ਡਿਸਟਿਲਰੀ ਤੋਂ ਚੁੱਕਣਾ ਲਾਜ਼ਮੀ ਕੀਤਾ ਜਾਂਦਾ ਹੈ। ਇਸ ਨੂੰ ਫਿਕਸਡ ਕੋਟਾ ਕਿਹਾ ਜਾਂਦਾ ਹੈ। ਬਾਕੀ ਰਹਿੰਦੇ ਕੋਟੇ ਨੂੰ ਠੇਕੇਦਾਰ ਪੰਜਾਬ ਦੀ ਕਿਸੀ ਵੀ ਹੋਰ ਡਿਸਟਿਲਰੀ ਤੋਂ ਆਪਣੀ ਮਰਜੀ ਅਨੁਸਾਰ ਚੁੱਕ ਸਕਦਾ ਹੈ। ਇਸ ਨੂੰ ਓਪਨ ਕੋਟਾ ਕਿਹਾ ਜਾਂਦਾ ਹੈ। ਸਾਲ 2016-17 ਵਿੱਚ ਫਿਕਸ ਅਤੇ ਓਪਨ ਕੋਟੇ ਦੇ ਅਨੁਪਾਤ ਨੂੰ 20:80 ਕਰ ਦਿੱਤਾ ਗਿਆ ਹੈ। ਇਸ ਉਪਬੰਧ ਅਧੀਨ ਦੇਸੀ ਸ਼ਰਾਬ ਦੇ ਕੁੱਲ ਕੋਟੇ ਦਾ 80% ਕੋਟਾ ਲਾਇਸੰਸੀ ਆਪਣੀ ਮਰਜੀ ਦੀ ਕਿਸੇ ਵੀ ਡਿਸਟਿਲਰੀ ਤੋ ਚੁੱਕ ਸਕਦੇ ਹਨ ਅਤੇ ਬਾਕੀ ਦਾ 20% ਫਿਕਸ ਕੋਟਾ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਵਲੋ ਨਿਰਧਾਰਤ ਕੀਤੀ ਡਿਸਟਿਲਰੀ ਤੋ ਚੁੱਕਣਗੇ। ਆਬਕਾਰੀ ਤੇ ਕਰ ਕਮਿਸਨਰ ਵੱਲੋਂ ਫਿਕਸਡ ਕੋਟਾ ਸਾਰੀਆਂ

ਡਿਸਟਿਲਰੀਆਂ ਵਿੱਚ ਬਰਾਬਰ ਵੰਡਿਆ ਜਾਵੇਗਾ। ਇਥੇ ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਸਰਕਾਰ ਵੱਲੋਂ ਪ੍ਰਵਾਨਿਤ ਸ਼ੁਗਰ ਪਾਲਿਸੀ ਤਹਿਤ ਆਉਣ ਵਾਲੀਆਂ ਡਿਸਟਿਲਰੀਆਂ ਨੂੰ ਵੱਧ ਕੋਟਾ ਮਿਲੇਗਾ।

ਕੋਟੇ ਦੀ ਸਹੀ ਲਿਫਟਿੰਗ ਕਰਵਾਉਣ ਲਈ ਅਤੇ ਸਰਕਾਰ ਦੇ ਮਾਲੀਏ ਨੂੰ ਸਮਾਂ ਬੱਧ ਸੁਰੱਖਿਅਤ ਕਰਨ ਲਈ ਦੇਸੀ ਅਤੇ ਅੰਗ੍ਰੇਜੀ ਸਰਾਬ (ਫਿਕਸ ਅਤੇ ਓਪਨ) ਕੋਟੇ ਦੀ ਕੁਆਟਰ ਵਾਈਜ ਲਿਫਟਿੰਗ ਫਿਕਸ ਕੀਤੀ ਗਈ ਹੈ। ਲਸੰਸੀ ਆਪਣਾ ਹੇਠ ਲਿਖੇ ਅਨੁਸਾਰ ਲਿਫਟ ਕਰਨਗੇ:-

| | |
|---|---|
| ਪਹਿਲੇ ਕੁਆਰਟਰ ਦੇ ਖਤਮ ਹੋਣ ਤੋਂ ਪਹਿਲਾਂ | ਕੁੱਲ ਕੋਟੇ ਦਾ 20 ਪ੍ਰਤੀਸਤ |
| ਦੂਜੇ ਕੁਆਰਟਰ ਦੇ ਖਤਮ ਹੋਣ ਤੋਂ ਪਹਿਲਾਂ | ਕੁੱਲ ਕੋਟੇ ਦਾ 40 ਪ੍ਰਤੀਸਤ |
| ਤੀਜੇ ਕੁਆਰਟਰ ਦੇ ਖਤਮ ਹੋਣ ਤੋਂ ਪਹਿਲਾਂ | ਕੁੱਲ ਕੋਟੇ ਦਾ 75 ਪ੍ਰਤੀਸਤ |
| ਮਿਤੀ 10-03-2017 ਤੱਕ | ਕੁੱਲ ਕੋਟੇ ਦਾ 100 ਪ੍ਰਤੀਸਤ |

ਇਸੇ ਤਰ੍ਹਾਂ ਹੀ ਲਸੰਸੀ ਨੂੰ ਬੀਅਰ ਦਾ ਕੋਟਾ ਹੇਠ ਲਿਖੇ ਅਨੁਸਾਰ ਚੁੱਕਣਾ ਲਾਜਮੀ ਹੋਵੇਗਾ:-

| | |
|---|---|
| ਪਹਿਲੇ ਕੁਆਰਟਰ ਦੇ ਖਤਮ ਹੋਣ ਤੋਂ ਪਹਿਲਾਂ | ਕੁੱਲ ਕੋਟੇ ਦਾ 25 ਪ੍ਰਤੀਸਤ |
| ਦੂਜੇ ਕੁਆਰਟਰ ਦੇ ਖਤਮ ਹੋਣ ਤੋਂ ਪਹਿਲਾਂ | ਕੁੱਲ ਕੋਟੇ ਦਾ 55 ਪ੍ਰਤੀਸਤ |
| ਤੀਜੇ ਕੁਆਰਟਰ ਦੇ ਖਤਮ ਹੋਣ ਤੋਂ ਪਹਿਲਾਂ | ਕੁੱਲ ਕੋਟੇ ਦਾ 70 ਪ੍ਰਤੀਸਤ |
| ਮਿਤੀ 10-03-2017 ਤੱਕ | ਕੁੱਲ ਕੋਟੇ ਦਾ 100 ਪ੍ਰਤੀਸਤ |

ਜੇ ਕਿਸੇ ਕੁਆਰਟਰ ਦੇ ਅੰਤ ਤੇ ਕਿਸੇ ਲਸੰਸੀ ਵੱਲੋ ਆਪਣੇ ਬਣਦੇ ਕੋਟੇ ਦੀ ਪੂਰੀ ਲਿਫਟਿੰਗ ਨਹੀਂ ਕੀਤੀ ਜਾਂਦੀ ਤਾਂ ਉਸਨੂੰ ਅਗਲੇ ਕੁਆਰਟਰ ਦੇ ਕਿਸੇ ਵੀ ਦੇਸੀ, ਅੰਗਰੇਜੀ ਸ਼ਰਾਬ ਅਤੇ ਬੀਅਰ ਦੇ ਪਰਮਿਟ ਜਾਰੀ ਨਹੀਂ ਕੀਤੇ ਜਾਣਗੇ।

4.0 ਸਾਲ 2016-17 ਵਿੱਚ ਵੀ ਪਿਛਲੇ ਸਾਲਾਂ ਦੀ ਤਰਾਂ ਦੇਸੀ ਸਰਾਬ 50 ਡਿਗਰੀ, 65 ਡਿਗਰੀ ਅਤੇ 75 ਡਿਗਰੀ ਰੱਖੀ ਗਈ ਹੈ।

5.0 ਪਉਏ ਵਿੱਚ ਸਰਾਬ ਦੀ ਮਾਤਰਾ 200 ਐਮ.ਐਲ. ਤੋਂ ਘਟਾ ਕੇ180 ਐਮ.ਐਲ. ਕਰ ਦਿੱਤੀ ਗਈ ਹੈ।

6.0 ਈ.ਡੀ.ਪੀ. **For fixed quota**:- ਸਾਲ 2016-17 ਲਈ ਦੇਸੀ ਸਰਾਬ ਦੀ ਐਕਸ-ਡਿਸਟਿਲਰੀ ਇਸ਼ੂ ਪ੍ਰਾਈਸ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੀ ਗਈ ਹੈ :-

(in Rs. Per Case)

**EDP FOR THE YEAR 2016-17 of 50 Degree (PML)**

**(100% PET / OLD / NEW GLASS BOTTLES)**

| Type of Bottles | Quart | Pint | Nip |
|---|---|---|---|
| Pet Bottles | 230.22 | 252.76 | 313.35 |
| Old Glass Bottles | 233.73 | 266.11 | 304.21 |
| New Glass Bottles | 289.35 | 340.52 | 387.01 |

## EDP FOR THE YEAR 2016-17 of 65 Degree (PML)

**(100% PET BOTTLES)**

| Type of Liquor | Quart | Pint | Nip |
|---|---|---|---|
| Rum | 281.07 | 303.60 | 364.20 |
| Gin | 288.12 | 310.65 | 371.24 |
| Whisky | 280.00 | 302.53 | 363.12 |

**EDP FOR THE YEAR 2016-17 of 65 Degree (PML)**

**(100% OLD GLASS BOTTLES)**

| Type of Liquor | Quart | Pint | Nip |
|---|---|---|---|
| Rum | 284.58 | 316.95 | 355.06 |
| Gin | 291.63 | 324.00 | 362.10 |
| Whisky | 283.51 | 315.88 | 353.98 |

**EDP FOR THE YEAR 2016-17 of 65 Degree (PML)**

**(100% NEW GLASS BOTTLES)**

| Type of Liquor | Quart | Pint | Nip |
|---|---|---|---|
| Rum | 340.20 | 391.36 | 437.86 |
| Gin | 347.25 | 398.41 | 444.90 |
| Whisky | 339.13 | 390.29 | 436.78 |

**EDP FOR THE YEAR 2016-17 of 75 Degree (PML)**

**(100% PET BOTTLES)**

| Type of Liquor | Quart | Pint | Nip |
|---|---|---|---|
| Rum | 314.39 | 336.93 | 397.52 |
| Gin | 322.52 | 345.06 | 405.65 |
| Whisky | 313.16 | 335.69 | 396.28 |

**EDP FOR THE YEAR 2016-17 of 75 Degree (PML)**

**(100% OLD GLASS BOTTLES)**

| Type of Liquor | Quart | Pint | Nip |
|---|---|---|---|

| | | | | |
|---|---|---|---|---|
| Rum | | 317.90 | 350.28 | 388.38 |
| Gin | | 326.03 | 358.41 | 396.51 |
| Whisky | | 316.41 | 348.78 | 386.88 |

**EDP FOR THE YEAR 2016-17 of 75 Degree (PML)**

**(100% NEW GLASS BOTTLES)**

| **Type of Liquor** | | **Quart** | **Pint** | **Nip** |
|---|---|---|---|---|
| Rum | | 373.24 | 424.28 | 470.71 |
| Gin | | 381.65 | 432.82 | 479.31 |
| Whisky | | 371.74 | 422.78 | 469.21 |

7.0 ਈ.ਡੀ.ਪੀ. **for Open quota**:- ਪਬਲਿਕ ਨੂੰ ਵਧੀਆ ਸਰਾਬ ਉਪਲਬਧ ਕਰਵਾਉਣ ਦੇ ਮੰਤਵ ਲਈ ਓਪਨ ਕੋਟੇ ਵਿੱਚ ਡਿਸਟਿਲਰੀਆਂ ਨੂੰ ਫਿਕਸ ਕੋਟੇ ਦੀ ਈ.ਡੀ.ਪੀ. ਤੋਂ 15% ਤੱਕ ਵੱਧ ਕੀਮਤ ਨਿਰਧਾਰਤ ਕਰਨ ਦੀ ਖੁੱਲ ਦਿੱਤੀ ਗਈ ਹੈ ਤਾਂ ਜੋ ਕੁਆਲਟੀ ਦੀ ਸ਼ਰਾਬ ਦੀ ਖਪਤ ਅਤੇ ਇਸਦੇ ਰੇਟ ਮਾਰਕੀਟ ਫੋਰਸਿਜ ਦੇ ਅਧਾਰ ਤੇ ਤੈਅ ਹੋ ਸਕਣ। ਜੇ ਕਿਸੇ ਡਿਸਟਿਲਰੀ ਵੱਲੋਂ ਇਸ ਆਪਸ਼ਨ ਦਾ ਇਸਤੇਮਾਲ ਕੀਤਾ ਜਾਣਾ ਹੈ ਤਾਂ ਉਹ ਡਿਸਟਿਲਰੀ 25 ਮਾਰਚ 2016 ਤੱਕ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਨੂੰ ਆਪਣੇ ਓਪਨ ਕੋਟੇ ਦੇ ਵੇਚਣ ਵਾਲੇ ਰੇਟਾਂ ਬਾਰੇ ਸੂਚਿਤ ਕਰੇਗੀ। ਇਹ ਰੇਟ ਸਾਰਾ ਸਾਲ ਇੱਕੋ ਹੀ ਰਹਿਣਗੇ ਅਤੇ ਡਿਸਟਿਲਰੀ ਇਨ੍ਹਾਂ ਨੂੰ ਸਾਲ ਦੇ ਦੌਰਾਨ ਬਦਲ ਨਹੀਂ ਸਕੇਗੀ।

8.0 ਅੰਗਰੇਜ਼ੀ ਸ਼ਰਾਬ ਦਾ ਕੋਟਾ:- ਸਾਲ 2016-17 ਲਈ ਅੰਗ੍ਰੇਜੀ ਸਰਾਬ ਦਾ ਕੋਟਾ 450 ਲੱਖ ਪਰੂਫ ਲੀਟਰ ਤੋਂ ਵਧਾ ਕੇ 475 ਲੱਖ ਪਰੂਫ ਲੀਟਰ ਕਰ ਦਿੱਤਾ ਗਿਆ ਹੈ।

9.0 ਬੀਅਰ ਦਾ ਕੋਟਾ :-ਸਾਲ 2016-17 ਲਈ ਬੀਅਰ ਦੇ ਕੋਟੇ ਨੂੰ ਵਧਾ ਕੇ **330** ਲੱਖ ਬਲਕ ਲਿਟਰ ਕਰ ਦਿੱਤਾ ਗਿਆ ਹੈ। ਕੈਨਡ ਬੀਅਰ ਨੂੰ ਨਿਰਧਾਰਿਤ ਕੋਟੇ ਦਾ ਹਿੱਸਾ ਨਹੀਂ ਮੰਨਿਆ ਜਾਵੇਗਾ। ਕੈਨਡ ਬੀਅਰ ਤੇ ਕੋਈ ਲਸੰਸ ਫੀਸ ਨਹੀਂ ਲਗਾਈ ਜਾਵੇਗੀ ਅਤੇ ਇਸਤੇ 25 ਰੁਪਏ ਪ੍ਰਤੀ ਬਲਕ ਲਿਟਰ ਦੇ ਹਿਸਾਬ ਨਾਲ ਅਸੈਸਡ ਫੀਸ ਲਈ ਜਾਵੇਗੀ। ਕੈਨਡ ਬੀਅਰ ਤੇ ਇੰਪੋਰਟ ਫੀਸ, ਜੋ ਕਿ 10 ਰੁਪਏ ਪ੍ਰਤੀ ਬੀ.ਐਲ. ਦੀ ਦਰ ਨਾਲ ਲਗਾਈ ਜਾ ਰਹੀ ਹੈ, ਨੂੰ ਖਤਮ ਕਰ ਦਿੱਤਾ ਗਿਆ ਹੈ। ਕੋਈ ਵੀ ਐਲ-14ਏ/ਐਲ-2 ਲਸੰਸੀ ਆਪਣੇ ਠੇਕੇ/ਗਰੁੱਪ ਦੇ ਨਿਰਧਾਰਤ ਬੀਅਰ ਦੇ ਕੋਟੇ ਤੋਂ ਇਲਾਵਾ, ਕੋਟੇ ਦੇ 50% ਤੱਕ ਹੀ ਕੈਨਡ ਬੀਅਰ ਚੁੱਕ ਸਕੇਗਾ।

10.0 ਅਡੀਸ਼ਨਲ ਕੋਟਾ:- ਜੇਕਰ ਕਿਸੇ ਲੰਸਸੀ ਨੇ ਆਪਣਾ ਦੇਸੀ ਸ਼ਰਾਬ, ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਸਾਰਾ ਨਿਰਧਾਰਤ ਕੋਟਾ ਚੁੱਕ ਲਿਆ ਹੋਵੇ ਅਤੇ ਸਾਲ ਦੀ ਪੂਰੀ ਲੰਸਸ ਫੀਸ ਅਦਾ

ਕਰ ਦਿੱਤੀ ਹੋਵੇ ਤਾਂ ਉਸ ਲੈਂਸਸੀ ਨੂੰ ਦੇਸੀ ਸ਼ਰਾਬ, ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਅਡੀਸ਼ਨਲ ਕੋਟਾ ਚੁੱਕਣ ਦੀ ਇਜਾਜਤ ਹੋਵੇਗੀ। ਇਹ ਕੋਟੇ ਦੀ ਮਾਤਰਾ ਸਬੰਧਤ ਬੇਸਿਕ ਕੋਟੇ ਦੇ 20 ਪ੍ਰਤੀਸਤ ਤੱਕ ਸੀਮਤ ਹੋਵੇਗੀ। ਦੇਸੀ ਸਰਾਬ ਦੇ ਅਡੀਸਨਲ ਕੋਟੇ ਤੇ ਅਡੀਸਨਲ ਲਾਇਸੰਸ ਫੀਸ ਅਤੇ 30 ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਅਡੀਸਨਲ ਕੋਟਾ ਫੀਸ ਚਾਰਜ ਕੀਤੀ ਜਾਵੇਗੀ। ਇਸੇ ਤਰ੍ਹਾਂ ਅੰਗ੍ਰੇਜੀ ਸਰਾਬ ਦੇ ਅਡੀਸਨਲ ਕੋਟੇ ਤੇ ਬਣਦੀਆਂ ਲੈਵੀਜ (ਐਕਸਟਰਾ ਲਾਇਸੰਸ ਫੀਸ, ਪਰਮਿਟ ਫੀਸ, ਵਿਭਾਗੀ ਵਿਕਾਸ ਫੀਸ ਆਦਿ ਜਿਹੜੀ ਕਿ ਐਲ-1 ਸਟੇਜ ਤੇ ਲਈ ਜਾਂਦੀ ਹੈ) ਅਤੇ 30 ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਅਡੀਸਨਲ ਕੋਟਾ ਫੀਸ ਚਾਰਜ ਕੀਤੀ ਜਾਵੇਗੀ। ਦੇਸੀ ਅਤੇ ਅੰਗ੍ਰੇਜੀ ਸਰਾਬ ਦੇ ਅਡੀਸਨਲ ਕੋਟੇ ਤੇ ਕੋਈ ਲਾਇਸੰਸ ਫੀਸ ਜਾਂ ਸਪੈਸਲ ਲਾਇਸੰਸ ਫੀਸ ਨਹੀਂ ਲਗੱਗੀ। ਬੀਅਰ ਦੇ ਅਡੀਸਨਲ ਕੋਟੇ ਤੇ ਲਾਇਸੰਸ ਫੀਸ ਨਹੀਂ ਲੱਗੇਗੀ ਅਤੇ ਕੇਵਲ ਅਸੈਸਡ ਫੀਸ ਪੂਰੇ ਰੇਟ ਤੇ ਚਾਰਜ ਕੀਤੀ ਜਾਵੇਗੀ।

11.0 ਐਲ-13:- ਦੇਸੀ ਸ਼ਰਾਬ ਦੇ ਥੋਕ ਵਾਸਤੇ ਐਲ-13 ਲਾਇਸੰਸ ਦਿੱਤਾ ਜਾਂਦਾ ਹੈ। ਡਿਸਟਿਲਰੀਆਂ ਦੁਆਰਾ ਇਹ ਐਲ-13 ਵੱਖ-2 ਜਿਲ੍ਹਿਆਂ ਵਿੱਚ ਐਲ-13 ਲਸੰਸ ਦੀਆਂ ਸ਼ਰਤਾਂ ਅਨੁਸਾਰ ਖੋਲਿਆ ਜਾਂਦਾ ਹੈ। ਐਲ-13 ਲਾਇਸੰਸ ਦੀ ਲਾਇਸੰਸ ਫੀਸ 27,500/- ਰੁਪਏ ਨਿਰਧਾਰਤ ਕੀਤੀ ਗਈ ਹੈ। ਐਲ-13 ਦੇ ਖਰਚੇ 25/- ਰੁਪਏ ਪ੍ਰਤੀ ਕੇਸ ਰੁਪਏ ਕਰ ਦਿੱਤੇ ਗਏ ਹਨ। ਇਹ ਡਿਸਟਿਲਰੀ ਦੀ ਜਿੰਮੇਵਾਰੀ ਹੋਵੇਗੀ ਕਿ ਐਲ-13 ਤੋਂ ਪ੍ਰਚੂਨ ਦੀ ਵਿਕਰੀ ਨਾ ਹੋਵੇ। ਲਾਇਸੰਸ ਦੀ ਕਿਸੇ ਵੀ ਤਰ੍ਹਾਂ ਦੀ ਦੁਰਵਰਤੋਂ ਦੀ ਸੂਰਤ ਵਿੱਚ ਆਬਕਾਰੀ ਐਕਟ/ਨਿਯਮਾਂ ਤਹਿਤ ਡਿਸਟਿਲਰੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਅਜਿਹਾ ਹੋਣ ਦੀ ਸੂਰਤ ਵਿੱਚ ਡਿਸਟਿਲਰੀ ਦਾ ਉਸ ਸਾਲ ਦਾ ਕੋਟਾ ਵੀ suspend/cancel ਕੀਤਾ ਜਾ ਸਕੇਗਾ। ਮੰਡਲ ਦੇ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੀ ਇਹ ਨਿੱਜੀ ਤੌਰ ਤੇ ਜਿੰਮੇਵਾਰੀ ਹੋਵੇਗੀ ਕਿ ਉਹ ਕੇਵਲ ਡਿਸਟਿਲਰੀ ਨੂੰ ਹੀ ਐਲ-13 ਲਸੰਸ ਜਾਰੀ ਕਰਨ ਅਤੇ ਯਕੀਨੀ ਬਣਾਉਣ ਕਿ ਸਾਰਾ ਸਾਲ ਐਲ-13 ਤੋਂ ਕਿਸੇ ਤਰ੍ਹਾਂ ਦੀ ਰਿਟੇਲ ਸੇਲ ਨਾ ਹੋਵੇ। ਵਿਭਾਗ ਐਲ-13 ਦੀ ਗਤੀਵਿਧੀਆਂ ਤੇ ਨਿਗਰਾਨੀ ਰੱਖੇਗਾ। ਕਿਸੀ ਵੀ ਆਬਕਾਰੀ ਐਕਟ ਜਾਂ ਰੂਲਾਂ ਦੀ ਐਲ-13 ਵੱਲੋ ਉਲੰਘਣਾ ਹੁੰਦੀ ਹੈ ਤਾਂ ਹੇਠ ਲਿਖੇ ਅਨੁਸਾਰ ਜੁਰਮਾਨਾ ਲੱਗੇਗਾ:-

| ਲੜੀ ਨੰ: | ਐਲ-13 ਵੱਲੋ ਕੀਤੀ ਉਲੰਘਣਾ | ਜੁਰਮਾਨਾ |
|---|---|---|
| 1. | ਪਹਿਲੀ ਉਲੰਘਣਾ | ਇੱਕ ਮਹੀਨੇ ਲਈ ਬੰਦ ਜਾਂ ਪੰਜ ਲੱਖ ਰੁਪਏ ਜੁਰਮਾਨਾ ਜਾਂ ਦੋਨੋਂ |
| 2. | ਦੂਜੀ ਉਲੰਘਣਾ | ਤਿੰਨ ਮਹੀਨੇ ਲਈ ਬੰਦ ਜਾਂ ਦਸ ਲੱਖ ਰੁਪਏ ਜੁਰਮਾਨਾ ਜਾਂ ਦੋਨੋਂ |

| | | |
|---|---|---|
| 3. | ਤੀਜੀ ਉਲੰਘਣਾ | ਐਲ-13 ਦਾ ਲਾਇਸੰਸ ਕੈਂਸਲ ਪ੍ਰੰਤੂ ਸਮਰੱਥ ਅਧਿਕਾਰੀ ਲਿਖਤੀ ਕਾਰਣ ਦੱਸਕੇ ਇਹ cancellation ਘੱਟ ਤੋਂ ਘੱਟ 25 ਲੱਖ ਰੁਪਏ ਜੁਰਮਾਨਾ ਪਾ ਕੇ revoke ਕਰਣ ਲਈ ਅਧਿਕਾਰਤ ਹੋਵੇਗਾ। |

12.0 ਐਲ-1:- (ੳ) ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦੇ ਥੋਕ ਨੂੰ ਐਲ-1 ਦਾ ਲਾਇਸੰਸ ਦਿੱਤਾ ਜਾਂਦਾ ਹੈ। ਐਲ-1 ਲਾਇਸੰਸ ਦੀ ਨਵਕ੍ਰਿਤੀ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੇ ਪੱਧਰ ਤੇ ਹੁੰਦੀ ਹੈ। ਐਲ-1ਦੀ ਨਵਕ੍ਰਿਤੀ ਦੀ ਪ੍ਰਤੀ ਬੇਨਤੀ ਨੂੰ ਨਵਾਂ ਮਾਮਲਾ ਮੰਨਿਆ ਜਾਵੇਗਾ ਅਤੇ ਨਵਕ੍ਰਿਤੀ ਬਤੌਰ matter of right ਨਹੀਂ ਹੋਵੇਗੀ।

ਅ) ਐਲ-1 ਲਾਇਸੰਸ ਦੀ ਨਵਕ੍ਰਿਤੀ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੇ ਪੱਧਰ ਤੇ ਹੋਵੇਗੀ। ਨਵਾਂ ਲਾਇਸੰਸ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੁਆਰਾ ਆਬਕਾਰੀ ਤੇ ਕਰ ਕਮਿਸ਼ਨਰ ਦੀ ਪੂਰਵ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਵੇਗਾ।

(ੲ) ਕਿਸੇ ਵੀ ਉਸ ਵਿਅਕਤੀ ਜਾਂ ਫਰਮ ਨੂੰ ਨਵਾਂ ਐਲ-1 ਨਹੀਂ ਦਿੱਤਾ ਜਾਵੇਗਾ ਅਤੇ ਨਾ ਹੀ ਰੀਨਿਯੂ ਕੀਤਾ ਜਾਵੇਗਾ ਜੇ ਉਸ ਨੇ ਬਤੌਰ ਐਲ-1 ਲਾਇਸੰਸੀ ਪਿਛਲੇ ਤਿੰਨ ਸਾਲਾਂ ਵਿੱਚ (Under any name or style) ਕਿਸੇ ਵੀ ਐਕਸਾਇਜ ਕਾਨੂੰਨ/ਨਿਯਮ ਜਾਂ ਲਾਇਸੰਸ ਦੀਆਂ ਸਰਤਾਂ ਦੀ ਉਲਘੰਣਾ ਕੀਤੀ ਹੋਵੇ।

(ਸ) ਨਵੇਂ ਐਲ.1 ਜਾਰੀ ਕਰਨ ਅਤੇ ਪੁਰਾਣੇ ਐਲ.1 ਦੀ ਰਿਨਿਊਅਲ ਫੀਸ 50 ਲੱਖ ਰੁਪਏ ਨਿਰਧਾਰਿਤ ਕੀਤੀ ਗਈ ਹੈ। ਭਾਵੇਂ ਸਾਲ ਦੇ ਕਿਸੇ ਵੀ ਮਹੀਨੇ ਵਿੱਚ ਇਹ ਲਾਇਸੰਸ ਦਿੱਤਾ ਜਾਵੇ, ਇਹ ਫੀਸ 50 ਲੱਖ ਰੁਪਏ ਹੀ ਹੋਵੇਗੀ।

ਹ) ਐਲ.1 ਲਸੰਸੀ ਆਈ.ਐਮ.ਐਫ.ਐਲ, ਆਈ.ਐਫ.ਐਲ., ਬੀਅਰ, ਵਾਈਨ ਅਤੇ ਆਰ.ਟੀ.ਡੀ. (ਦੇਸੀ ਤੇ ਵਿਦੇਸ਼ੀ) ਐਲ.1ਏ ਲਸੰਸੀ ਤੋਂ ਖਰੀਦੇਗਾ।

13.0 (ੳ) ਐਲ-1 ਏ (ਆਈ.ਐਮ.ਐਫ.ਐਲ.):- ਇਹ ਲਾਇਸੰਸ ਅੰਗਰੇਜ਼ੀ ਸ਼ਰਾਬ ਦਾ ਥੋਕ ਲਾਇਸੰਸ ਹੈ ਅਤੇ ਇਸ ਲਾਇਸੰਸ ਅਧੀਨ ਬਾਹਰਲੇ ਰਾਜਾਂ ਵਿੱਚ ਬਣੀ ਆਈ.ਐਫ.ਐਮ.ਐਲ. (ਸਿਵਾਏ ਬੀਅਰ) ਦੀ ਖਰੀਦ ਜਾਂ ਇੰਮਪੋਰਟ ਕੀਤੀ ਜਾ ਸਕਦੀ ਹੈ। ਐਲ.1ਏ ਲਾਇਸੰਸ ਸ਼ਰਾਬ (ਆਈ.ਐਮ.ਐਫ.ਐਲ., ਆਈ.ਐਫ.ਐਲ. ਬੀਅਰ) ਬਣਾਉਣ ਵਾਲੀਆਂ ਕੰਪਨੀਆਂ/ਵਿਅਕਤੀ/ਕਸਟਮ ਬਾਂਡਡ ਵੇਅਰਹਾਊਸ ਹੋਲਡਰ ਨੂੰ ਨਹੀਂ ਦਿੱਤਾ ਜਾਵੇਗਾ। ਇਹ ਲਸੰਸ ਕਿਸੇ ਵੀ ਵਿਅਕਤੀ/ਕੰਪਨੀ/ਫਰਮ/ਸੰਸਥਾ ਨੂੰ ਜਾਰੀ ਕੀਤਾ ਜਾ ਸਕੇਗਾ, ਜੋ ਪੰਜਾਬ

ਲਿਕਅਰ ਲਾਇਸੰਸ ਰੂਲਜ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ। ਐਲ.1ਏ (ਆਈ.ਐਮ.ਐਫ.ਐਲ) ਲਸੰਸੀ ਵਾਸਤੇ ਹੇਠ ਲਿਖੇ ਅਨੁਸਾਰ ਸ਼ਰਤਾਂ ਦੀ ਪਾਲਣਾ ਕਰਨੀ ਲਾਜਮੀ ਹੋਵੇਗੀ:-

ੳ) ਇਸ ਲਸੰਸ ਵਾਸਤੇ ਪ੍ਰਾਰਥੀ ਨੂੰ ਸਬੰਧਤ ਮੈਨੂਫੈਕਚਰਿੰਗ ਅਦਾਰੇ ਤੋਂ ਅਥਾਰਟੀ/ਕੰਸੈਂਟ ਲੈਟਰ ਲੈਣੀ ਲਾਜਮੀ ਹੋਵੇਗੀ।

ਅ) ਕੋਈ ਵੀ ਮੈਨੂੰਫੈਕਚਰਿੰਗ ਕੰਪਨੀ ਇਹ ਅਥਾਰਟੀ/ਕੰਸੈਂਟ ਲੈਟਰ ਇੱਕ ਤੋਂ ਵੱਧ ਵਿਅਕਤੀ/ਕੰਪਨੀ/ਫਰਮ/ਸੰਸਥਾ ਨੂੰ ਜਾਰੀ ਨਹੀਂ ਕਰੇਗੀ।

ੲ) ਮੈਨੂਫੈਕਚਰਿੰਗ ਅਦਾਰਾ ਇਹ ਕੰਸੈਂਟ ਲੈਟਰ ਕਿਸੇ ਐਸੀ ਵਿਅਕਤੀ/ਕੰਪਨੀ/ਫਰਮ/ਸੰਸਥਾ ਨੂੰ ਦੇਵੇਗੀ ਜੋ ਮੈਨੂਫੈਕਚਰਿੰਗ ਕੰਪਨੀ ਤੋਂ 'Arms length distance' ਤੇ ਹੋਵੇ, ਭਾਵ ਮੈਨੂਫੈਕਚਰਿੰਗ ਅਦਾਰੇ ਵਿੱਚ ਪ੍ਰੋਮੋਟਰ, ਡਾਇਰੈਕਟਰ, ਪਾਰਟਨਰ ਆਦਿ ਨਾ ਹੋਵੇ ਜਾਂ ਉਸਦੀ holding, subsidiary, closely held company, fully/partially owned/financed/managed firm/company ਆਦਿ ਨਾ ਹੋਵੇ।

ਸ) ਐਲ.1ਏ ਲਾਇਸੰਸੀ ਆਈ.ਐਮ.ਐਫ.ਐਲ. (ਸਵਾਏ ਬੀਅਰ) ਵਾਈਨ, ਆਰ.ਟੀ.ਡੀ. ਰਾਜ ਜਾਂ ਰਾਜ ਤੋਂ ਬਾਹਰਲੇ ਮੈਨੂਫੈਕਚਰਿੰਗ ਅਦਾਰਿਆਂ ਤੋਂ ਖਰੀਦੇਗਾ ਅਤੇ ਰਾਜ ਦੇ ਸਿਰਫ ਐਲ.1 ਲਾਇਸੰਸੀਆਂ ਨੂੰ ਹੀ ਸ਼ਰਾਬ ਵੇਚ ਸਕੇਗਾ।

ਹ) ਐਲ.1 ਏ (ਆਈ.ਐਮ.ਐਫ.ਐਲ.) ਦੀ ਲਾਇਸੰਸ ਫੀਸ ਸਾਲ 2016-17 ਲਈ 2.50 ਕਰੋੜ ਰੁਪਏ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਇਸ ਲਸੰਸ ਦੀ ਸਿਕਿਉਰਟੀ 25 ਲੱਖ ਰੁਪਏ ਹੋਵੇਗੀ।

ਇਨ੍ਹਾਂ ਲਸੰਸਾਂ ਉੱਪਰ ਸਹੀ ਢੰਗ ਨਾਲ ਨਿਗਰਾਨੀ ਰੱਖਣ ਲਈ ਹਰੇਕ ਐਲ.1ਏ ਲਾਇਸੰਸਡ ਪ੍ਰੇਮਿਸਜ ਉੱਪਰ ਇੱਕ ਆਬਕਾਰੀ ਨਿਰੀਖਕ ਦੀ ਤੈਨਾਤੀ ਕੀਤੀ ਜਾਵੇਗੀ ਅਤੇ ਇਨ੍ਹਾਂ ਪ੍ਰੇਮਿਸਜ ਤੇ *ਲਸੰਸੀ* ਵੱਲੋਂ ਸੀ.ਸੀ.ਟੀ.ਵੀ. ਕੈਮਰਾ ਲਗਾਏ ਜਾਣਗੇ।

(ਅ) ਐਲ-1ਏ (ਬੀ.ਆਈ.ਓ):- ਇਹ ਲਾਇਸੰਸ ਐਲ.1ਏ (ਆਈ.ਐਮ.ਐਫ.ਐਲ.) ਹੋਲਡਰ ਹੀ ਅਪਲਾਈ ਕਰ ਸਕੇਗਾ। ਇਸ ਲਾਇਸੰਸ ਦੀ ਲਾਇਸੰਸ ਫੀਸ ਸਾਲ 2016-17 ਲਈ ਹੇਠ ਲਿਖੇ ਅਨੁਸਾਰ ਰੱਖੀ ਗਈ ਹੈ:-

| ਐਲ.1ਏ (ਬੀ.ਆਈ.ਓ) | ਫੀਸ (ਲੱਖਾਂ ਵਿੱਚ) |
|---|---|
| Sale upto 1000 cases | 5.00 |
| Sale between 1001-50000 cases | 12.00 |
| Sale above 50000 cases | 15.00 |

(ੲ) ਐਲ.1ਏ (ਬੀਅਰ) - ਐਲ-1ਏ (ਬੀਅਰ) ਤੇ ਲਸੰਸ ਫੀਸ 1.50 ਕਰੋੜ ਰੁਪਏ ਅਤੇ ਸਿਕਿਉਰਟੀ 15 ਲੱਖ ਰੁਪਏ ਰੱਖੀ ਗਈ ਹੈ।

ਉਕਤ ਫੀਸ ਤੋਂ ਇਲਾਵਾ ਐਲ.1ਏ(ਬੀਅਰ) ਵਾਸਤੇ ਐਲ.1ਏ (ਆਈ.ਐਮ.ਐਫ.ਐਲ) ਦੀਆਂ ਬਾਕੀ ਸਾਰੀਆਂ ਸ਼ਰਤਾਂ ਲਾਗੂ ਹੋਣਗੀਆਂ।

ਮੈਨੁਫੈਕਚਰਿੰਗ ਕੰਪਨੀ/ਵਿਅਕਤੀ/ਕਸਟਮ ਬਾਂਡਡ ਵੇਅਰਹਾਊਸ ਹੋਲਡਰ, ਐਲ.1ਏ (ਆਈ.ਐਮ.ਐਫ.ਐਲ), ਐਲ.1ਏ(ਬੀ.ਆਈ.ਓ) ਅਤੇ ਐਲ.1.ਏ(ਬੀਅਰ) ਲੈਣ ਲਈ ਉਨ੍ਹਾਂ ਵੱਲੋਂ ਮੰਨੋਨੀਤ ਪ੍ਰਤੀਨਿੱਧੀ ਦਾ ਨਾਮ ਮਿਤੀ 22-03-2016 ਤੱਕ ਵਿਭਾਗ ਨੂੰ ਲਾਜਮੀ ਤੌਰ ਤੇ ਦੇਣਗੇ।

14.0 ਰੀਟੇਲ ਵੈਂਡ ਦੀ ਗਿਣਤੀ :- ਅੰਗਰੇਜ਼ੀ ਦੀ ਰੀਟੇਲ ਦੁਕਾਨ ਨੂੰ ਐਲ-2 ਲਾਇਸੰਸ ਅਤੇ ਦੇਸੀ ਦੀ ਰੀਟੇਲ ਦੁਕਾਨ ਨੂੰ ਐਲ-14ਏ ਲਾਇਸੰਸ ਦਿੱਤਾ ਜਾਂਦਾ ਹੈ। ਕਾਫੀ ਜਗਾ ਤੇ ਅੰਗਰੇਜ਼ੀ ਤੇ ਦੇਸੀ ਸ਼ਰਾਬ ਦੀਆਂ ਦੁਕਾਨਾ ਇੱਕ ਹੀ ਛੱਤ ਥੱਲੇ ਹੁੰਦੀਆਂ ਹਨ ਅਤੇ ਉਹਨਾਂ ਨੂੰ ਦੋਵਾਂ ਦਾ ਲਾਇਸੰਸ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਇਕ ਲਾਇਸੰਸਿੰਗ ਯੂਨਿਟ ਮੰਨਿਆ ਜਾਂਦਾ ਹੈ। ਸਾਲ 2016-17 ਲਈ ਲਾਇਸੰਸਿੰਗ ਯੂਨਿਟਾਂ ਦੀ ਵੱਧ ਤੋਂ ਵੱਧ ਗਿਣਤੀ 6400 ਤੱਕ ਰੱਖੀ ਜਾਵੇਗੀ।

15.0 ਲੋਕੇਸਨ ਆਫ ਵੈਂਡ:- ਸਾਲ 2016-17 ਦੌਰਾਨ ਸਹਿਰੀ ਖੇਤਰਾਂ ਵਿਚ ਜਿਥੇ ਜੋਨ ਨਹੀ ਬਣਾਏ ਗਏ ਹਨ, ਲਾਇਸੰਸੀ ਨੂੰ ਸਹਿਰ ਵਿਚ ਕਿਤੇ ਵੀ ਠੇਕਾ ਖੋਲਣ ਦੀ ਆਗਿਆ ਹੋਵੇਗੀ। ਜਿਸ ਖੇਤਰ ਵਿੱਚ ਜੋਨ ਬਣਾਏ ਗਏ ਹਨ, ਉਥੇ ਖੁੱਲਣ ਵਾਲੇ ਠੇਕਿਆਂ ਦੀ ਗਿਣਤੀ ਪਹਿਲਾਂ ਨਿਰਧਾਰਤ ਕੀਤੀ ਗਈ ਹੈ। ਲਾਟਰੀ ਰਾਹੀਂ ਸਿਰਫ ਜੋਨ ਹੀ ਅਲਾਟ ਕੀਤੇ ਜਾਣਗੇ। ਅਲਾਟ ਹੋਏ ਜੋਨ ਦੇ ਠੇਕੇ ਉਸ ਜੋਨ ਦੇ ਏਰੀਏ ਵਿੱਚ ਕਿਤੇ ਵੀ ਖੁੱਲ ਸਕਦੇ ਹਨ। ਇਸੇ ਤਰ੍ਹਾਂ ਪੇਂਡੂ ਖੇਤਰ ਵਿੱਚ ਠੇਕੇ ਵਿਭਾਗ ਵਲੋਂ ਪਿੰਡ ਦੀ ਰੈਵਿਨਿਊ ਲਿਮਟ ਦੇ ਅਧਾਰ ਤੇ ਖੋਲੇ ਜਾਣਗੇ। ਪੇਂਡੂ ਠੇਕਿਆਂ ਲਈ ਬਿਨੈ ਪੱਤਰ ਕਿਸੇ ਵਿਸ਼ੇਸ ਖੇਤਰ ਲਈ ਹੁੰਦੇ ਹਨ। ਰਾਜ ਵਿਚ ਕੋਈ ਵੀ ਅਣ-ਅਧਿਕਾਰਤ ਬਰਾਂਚਾ ਜਾਂ ਕੋਈ ਗੈਰ ਕਾਨੂੰਨੀ ਠੇਕੇ ਖੋਲਣ ਦੀ ਇਜਾਜਤ ਨਹੀ ਹੈ। ਜੇਕਰ ਕੋਈ ਲਾਇਸੰਸੀ ਗੈਰ-ਕਾਨੂੰਨੀ ਠੇਕਾ ਖੋਲਦਾ ਹੈ ਤਾਂ ਮਹਿਕਮੇ ਵੱਲੋਂ ਸਖਤ ਕਦਮ ਲੈਦਿਆਂ ਹੋਇਆ ਉਸ ਦਾ ਗੈਰ ਕਾਨੂੰਨੀ ਠੇਕਾ ਬੰਦ ਕਰਨ ਉਪਰੰਤ ਲਾਇਸੰਸੀ ਦਾ ਮੰਜੂਰਸ਼ੁਦਾ ਠੇਕਾ ਵੀ ਘੱਟੋ-ਘੱਟ ਇੱਕ ਮਹੀਨੇ ਲਈ ਬੰਦ ਕਰ ਦਿੱਤਾ ਜਾਵੇਗਾ। ਇਸ ਨੂੰ ਲਾਗੂ ਕਰਨ ਲਈ ਉਸ ਆਬਕਾਰੀ ਸਰਕਲ ਦਾ ਆਬਕਾਰੀ ਨਿਰੀਖਕ ਪੂਰਨ ਤੌਰ ਤੇ ਜਿੰਮੇਵਾਰ ਹੋਵੇਗਾ। ਸਹਿਰੀ ਜਾਂ ਪੇਂਡੂ ਖੇਤਰ ਵਿੱਚ ਠੇਕਾ ਖੋਲਣ ਲਈ ਇਹ ਸਰਤ ਹੈ ਕਿ ਉਹ ਧਾਰਮਿਕ ਜਾਂ ਵਿੱਦਿਅਕ ਸੰਸਥਾਨ ਤੋਂ ਆਬਕਾਰੀ ਨਿਯਮਾਂ ਵਿੱਚ ਦਰਸਾਈ ਦੂਰੀ ਤੇ ਹੋਵੇ ਜਾਂ ਕਿਸੇ ਅਜਿਹੇ ਸਥਾਨ ਤੇ ਨਾਂ ਹੋਵੇ ਜਿਥੇ ਕਿਸੇ ਹੋਰ ਕਾਰਨ ਕਰਕੇ ਸਮਰੱਥ ਅਧਿਕਾਰੀ ਵੱਲੋਂ ਮਨਾਹੀ ਕੀਤੀ ਗਈ ਹੋਵੇ। ਇਹ ਦੂਰੀ ਧਾਰਮਿਕ ਸਥਾਨ ਜਾਂ ਵਿਦਿਅਕ ਸੰਸਥਾ ਦੇ ਮੇਨ ਗੇਟ ਤੋਂ ਮੰਨੀ ਜਾਂਦੀ ਹੈ। ਪਰ ਇਹ ਉਪਬੰਧ ਕੇਵਲ ਮਾਨਤਾ ਪ੍ਰਾਪਤ

ਵਿਦਿਅਕ ਸੰਸਥਾਵਾਂ ਤੇ ਲਾਗੂ ਹੋਵੇਗਾ। ਜੇਕਰ ਸਾਲ ਦੌਰਾਨ ਕੋਈ ਮਾਨਤਾ ਪ੍ਰਾਪਤ ਵਿਦਿਅਕ ਅਦਾਰਾ ਜਾਂ ਧਾਰਮਿਕ ਅਦਾਰਾ ਖੁਲਦਾ ਹੈ ਤਾਂ ਇਹ ਉਪਬੰਧ ਅਗਲੇ ਵਿੱਤੀ ਸਾਲ ਤੋਂ ਵਿਚਾਰਿਆ ਜਾਵੇਗਾ।

ਸਾਲ 2016-17 ਦੌਰਾਨ ਸਫਲ ਅਲਾਟੀ ਨੂੰ ਪਹਿਲਾਂ ਵਾਲੇ ਸਥਾਨ ਤੇ ਚੱਲ ਰਹੇ ਠੇਕੇ ਦੀ ਜਗ੍ਹਾ ਲਈ ਨਕਸ਼ੇ ਦੀ ਮਨਜ਼ੂਰੀ ਦੇਣ ਤੋਂ ਇਨਕਾਰ ਨਹੀ ਕੀਤਾ ਜਾਵੇਗਾ। ਕਿਸੇ ਨਵੇਂ ਸਥਾਨ ਲਈ ਠੇਕੇ ਚਲਾਉਣ ਲਈ ਲਾਇਸੰਸਧਾਰਕ ਨੂੰ ਵਿਭਾਗ ਦੀ ਮਨਜ਼ੂਰੀ ਲੈਣੀ ਪਵੇਗੀ। ਇੱਕ ਲਾਇਸੰਸਿੰਗ ਯੂਨਿਟ ਦੇ ਐਲ-2 ਅਤੇ ਐਲ-14ਏ ਠੇਕੇ ਨੂੰ ਕੇਵਲ ਇਕ ਛੱਤ ਹੇਠ ਹੀ ਚਲਾਉਣ ਦੀ ਆਗਿਆ ਹੈ। ਇਕੱਲਾ ਐਲ-14ਏ ਜਾਂ ਸਿਰਫ ਮਾਡਲ ਸ਼ਾਪ ਹੀ ਇੱਕਲੀ ਇਕਾਈ ਦੇ ਰੂਪ ਵਿੱਚ ਖੁੱਲ ਸਕਦੀ ਹੈ। ਪਰ ਜਿਹੜੇ ਠੇਕੇ ਕਿਸੇ ਵੀ ਅਦਾਲਤੀ ਹੁਕਮ ਅਧੀਨ ਬੰਦ ਕਰਨੇ ਪੈਣਗੇ, ਉਨ੍ਹਾਂ ਤੇ ਇਹ ਉਪਬੰਧ ਲਾਗੂ ਨਹੀਂ ਹੋਵੇਗਾ। ਇਥੇ ਇਹ ਵੀ ਵਰਨਣਯੋਗ ਹੈ ਕਿ C.W.P. No. 4681of 2014 ਮਾਰਕੀਟ ਵੈਲਫੇਅਰ ਸੁਸਾਇਟੀ ਮੋਹਾਲੀ ਬਨਾਮ ਸਟੇਟ ਆਫ ਪੰਜਾਬ ਵਿੱਚ ਮਾਨਯੋਗ ਹਾਈਕੋਰਟ ਵੱਲੋ ਜੋ ਹੁਕਮ ਜਾਰੀ ਹੋਣਗੇ, ਲਸੰਸੀ ਇਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨ ਦਾ ਪਾਬੰਦ ਹੋਵੇਗਾ।

16.0 ਲੋਕੇਸ਼ਨ ਆਫ ਵੈਂਡਜ ਆਨ ਨੈਸ਼ਨਲ ਹਾਈਵੇਜ/ਸਟੇਟ ਹਾਈਵੇਜ:-

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਦਾਇਰ ਹੋਈ ਸਿਵਲ ਰਿੱਟ ਪਟਿਸਨ ਨੰ:25777 ਆਫ 2012 ਵਿੱਚ ਜਾਰੀ ਹੋਏ ਮਾਨਯੋਗ ਹਾਈ ਕੋਰਟ ਦੇ ਹੁਕਮ ਮਿਤੀ 18-3-2014 ਅਨੁਸਾਰ ਕੋਈ ਵੀ ਸ਼ਰਾਬ ਦਾ ਠੇਕਾ ਨੈਸਨਲ/ਸਟੇਟ ਹਾਈਵੇ ਤੋਂ ਵਿਜੀਬਲ ਨਾ ਹੋਵੇ ਅਤੇ ਨਾਂ ਹੀ ਉਸਦੀ ਨੈਸਨਲ ਹਾਈਵੇ/ਸਟੇਟ ਹਾਈਵੇ ਤੇ ਡਾਇਰੈਕਟ ਐਕਸੈੱਸ ਹੋਵੇ। ਇਸ ਸਬੰਧ ਵਿੱਚ ਵਿਭਾਗ ਵੱਲੋਂ ਮਾਣਯੋਗ ਸੁਪਰੀਮ ਕੋਰਟ ਵਿੱਚ ਸਪੈਸ਼ਲ ਲੀਵ ਪਟੀਸ਼ਨ ਦਾਇਰ ਕੀਤੀ ਹੋਈ ਹੈ।

ਸਾਲ ਦੌਰਾਨ ਇਹ ਮਹਿਸੂਸ ਕੀਤਾ ਗਿਆ ਹੈ ਕਿ ਲਿਕੁਅਰ ਵੈਂਡਜ ਦੀ ਲੋਕੇਸ਼ਨ ਬਾਰੇ ਆਬਕਾਰੀ ਐਕਟ ਅਤੇ ਰੂਲਾਂ ਵਿੱਚ ਸਪਸ਼ਟ ਉਪਬੰਧ ਨਹੀਂ ਹਨ। ਇਸਨੂੰ ਮੱਦੇਨਜਰ ਰੱਖਦੇ ਹੋਏ ਨੈਸਨਲ ਹਾਈਵੇ ਅਤੇ ਸਟੇਟ ਹਾਈਵੇ ਦੇ ਨਜਦੀਕ ਠੇਕੇ ਖੋਲਣ ਸਬੰਧੀ ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 26 ਵਿੱਚ ਸੋਧ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ ।

ਮਾਨਯੋਗ ਹਾਈਕੋਰਟ ਜਾਂ ਮਾਨਯੋਗ ਸੁਪਰੀਮ ਕੋਰਟ ਵਿੱਚ ਚੱਲ ਰਹੇ ਕੇਸਾਂ ਵਿੱਚ ਸਮੇਂ ਸਮੇਂ ਤੇ ਜੋ ਵੀ ਫੈਸਲਾ ਲਿਆ ਜਾਵੇਗਾ, ਉਸਨੂੰ ਲਾਗੂ ਕੀਤਾ ਜਾਵੇਗਾ ਅਤੇ ਲਸੰਸੀ ਉਸਨੂੰ ਮੰਨਣ ਲਈ ਪਾਬੰਦ ਹੋਵੇਗਾ।

17.0 ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 31 ਵਿੱਚ ਸੋਧ ਕਰਨ ਬਾਰੇ:- ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 31 ਵਿੱਚ Excise Duty (ਐਕਸਾਈਜ ਡਿਊਟੀ) ਦੇ ਸ਼ਬਦ ਤੋਂ ਬਾਅਦ "Extra License Fee or other chargable levies, ਸ਼ਾਮਲ ਕਰਨ ਲਈ ਸੋਧ ਕੀਤੀ ਜਾ ਰਹੀ ਹੈ।

18.0 ਲਾਇਸੰਸਿੰਗ ਯੂਨਿਟ:- ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਠੇਕਿਆਂ ਦਾ ਨਿਪਟਾਰਾ ਲਾਇਸੰਸਿੰਗ ਯੂਨਿਟ ਬਣਾ ਕੇ ਕੀਤਾ ਜਾਵੇਗਾ। ਸ਼ਹਿਰੀ ਖੇਤਰ ਵਿੱਚ ਇੱਕ ਲਾਇਸੰਸਿੰਗ ਯੂਨਿਟ ਵਿੱਚ ਇੱਕ ਐਲ-14ਏ ਠੇਕਾ ਅਤੇ ਇਕ ਐਲ-2 ਠੇਕਾ ਹੋਵੇਗਾ। ਪੇਂਡੂ ਖੇਤਰਾਂ ਵਿੱਚ ਇਹ ਯੂਨਿਟ ਜਾਂ ਇੱਕਲਾ ਹੀ ਐਲ-14ਏ ਦਾ ਠੇਕਾ ਜਾਂ ਇੱਕ ਐਲ-14ਏ ਅਤੇ ਇੱਕ ਐਲ-2 ਦਾ ਠੇਕਾ ਹੋ ਸਕਦਾ ਹੈ। ਲਾਇਸੰਸਿੰਗ ਯੂਨਿਟਾਂ ਦੇ ਗਰੁੱਪਾਂ ਨੂੰ ਕੁਲੈਕਟਰ ਦੁਆਰਾ ਬਣਾਇਆ ਜਾਵੇਗਾ ਜਿਸ ਦੀ ਪੂਰਵ ਪ੍ਰਵਾਨਗੀ ਆਬਕਾਰੀ ਤੇ ਕਰ ਕਮਿਸ਼ਨਰ ਜੀ ਵੱਲੋਂ ਲਈ ਜਾਵੇਗੀ।

19.0 ਲਾਇਸੰਸਿੰਗ ਯੂਨਿਟ ਦੀ ਕੀਮਤ :- ਇੱਕ ਲਾਇਸੰਸਿੰਗ ਯੂਨਿਟ ਦੀ ਲਾਇਸੰਸ ਫੀਸ ਦੀ ਕੀਮਤ 200 ਲੱਖ ਰੁਪਏ ਤੱਕ ਰੱਖੀ ਗਈ ਹੈ।

20.0 ਲਾਇਸੰਸਿੰਗ ਯੁਨਿਟਾਂ ਦੇ ਗਰੁੱਪ ਅਤੇ ਜੋਨ ਬਣਾਉਣ ਦੀ ਸੁਵਿਧਾ :- ਹਰ ਸਾਲ ਲਾਇੰਸਿੰਗ ਯੂਨਿਟਾਂ ਨੂੰ ਗਰੁਪਾ/ਜੋਨਾਂ ਵਿੱਚ ਬਣਾ ਕੇ ਉਹਨਾਂ ਦੀ ਅਲਾਟਮੇਂਟ ਲਈ ਅਰਜੀਆਂ ਮੰਗੀਆਂ ਜਾਂਦੀਆਂ ਹਨ। ਸਾਲ 2016-17 ਵਿੱਚ ਗਰੁੱਪ/ਜੋਨ ਬਣਾਉਣ ਲਈ ਹੇਠ ਲਿਖੇ ਮਾਪਦੰਡ ਅਨੁਸਾਰ ਬਣਾਏ ਗਏ ਹਨ:-

| ਲੜੀ ਨੰ: | ਏਰੀਆ | ਸਾਲ 2016-17 ਲਈ ਇੱਕ ਜੋਨ ਵਿੱਚ ਲਾਇਸੰਸਿੰਗ ਯੂਨਿਟਾਂ ਦੀ ਲਾਇਸੰਸ ਫੀਸ ਦੀ ਵੱਧ ਤੋਂ ਵੱਧ ਹੱਦ |
|---|---|---|
| 1. | ਸਾਰੇ ਮਿਉਸਪਲ ਕਾਰਪੋਰੇਸ਼ਨ ਖੇਤਰ (ਕਾਰਪੋਰੇਸਨ ਖੇਤਰ ਅਤੇ ਹੋਰ ਮਿਉਂਸਿਪਲ ਕਮੇਟੀ ਏਰੀਆ, ਨੋਟੀਫਾਇਡ ਏਰੀਆ ਕਮੇਟੀ ਅਤੇ ਪੇਂਡੂ ਖੇਤਰ ਠੇਕੇ ਜੋ ਕਾਰਪੋਰੇਸਨ ਨਾਲ ਜੋੜੇ ਗਏ ਹਨ) | 20 ਕਰੋੜ ਰੁਪਏ ਤੱਕ |
| 2. | ਸ਼ਹਿਰੀ ਖੇਤਰ (ਮਿਉਂਸੀਪਲ ਕਮੇਟੀਆਂ, ਨਗਰ ਪੰਚਾਇਤਾਂ ਅਤੇ ਨੋਟੀਫਾਈਡ ਏਰੀਆ ਕਮੇਟੀ ਜਾਂ ਉਨ੍ਹਾਂ ਦਾ ਕੰਬੀਨੇਸ਼ਨ ਅਤੇ ਪੇਂਡੂ ਖੇਤਰ ਦੇ ਠੇਕੇ ਜੋ ਕਿ ਇਸ ਖੇਤਰ ਨਾਲ ਜੋੜੇ ਗਏ ਹਨ) | 15 ਕਰੋੜ ਰੁਪਏ ਤੱਕ |
| 3. | ਪੇਂਡੂ ਖੇਤਰ | 6 ਕਰੋੜ ਰੁਪਏ ਤੱਕ |

ਉਪਰੋਕਤ ਲਾਇਸੰਸਿੰਗ ਯੂਨਿਟਾਂ ਦੇ ਗਰੁੱਪ ਜਾਂ ਜੋਨ ਨੂੰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰਾਂ ਦੀ ਸਲਾਹ ਨਾਲ ਉਪ ਆਬਕਾਰੀ ਤੇ ਕਰ ਕਮਿਸ਼ਨਰ ਵਲੋਂ ਬਣਾਉਣ ਦੀ ਤਜਵੀਜ਼ ਕੀਤੀ ਜਾਂਦੀ ਹੈ ਅਤੇ ਇਹ ਆਬਕਾਰੀ ਤੇ ਕਰ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਬਣਾਏ ਜਾਣਗੇ। ਲਾਇਸੰਸਿੰਗ ਯੂਨਿਟਾਂ ਦੇ ਇਕ ਗਰੁੱਪ ਜਾਂ ਜੋਨ ਦੀ ਲਾਇਸੰਸ ਫੀਸ ਉਸੀ ਗਰੁੱਪ/ਜੋਨ ਵਿੱਚ ਸਾਮਲ ਲਾਇਸੰਸਿੰਗ ਯੂਨਿਟਾਂ ਦੀ ਫੀਸ ਦੇ ਜੋੜ ਦੇ ਬਰਾਬਰ ਹੋਵੇਗੀ।

ਸਾਲ 2016-17 ਦੀ ਆਬਕਾਰੀ ਨੀਤੀ ਵਿੱਚ ਮੁਸਕਲ/ਔਖੇ ਸਟੇਸਨਾਂ ਦੇ ਲਾਇਸਸਿੰਗ ਯੂਨਿਟਾਂ/ਗਰੁੱਪਾਂ/ਜੋਨਾਂ ਦਾ ਨਿਪਟਾਰਾ ਕਰਨ ਲਈ ਗਰੁੱਪਾਂ/ਜੋਨਾਂ ਦਾ ਉਪਰੋਕਤ ਦਰਸਾਏ ਸਾਈਜ ਤੋਂ ਇਲਾਵਾ ਵੱਡਾ ਸਾਈਜ਼ ਬਣਾਉਣ ਦੀ ਆਗਿਆ ਦਿੱਤੀ ਜਾਵੇਗੀ। ਇਨ੍ਹਾਂ ਕੇਸਾਂ ਵਿਚ ਆਬਕਾਰੀ ਤੇ ਕਰ ਕਮਿਸ਼ਨਰ ਨੂੰ ਵਿੱਤ ਕਮਿਸਨਰ (ਕਰ) ਦੀ ਪੂਰਵ ਪ੍ਰਵਾਨਗੀ ਲੈਣ ਉਪਰੰਤ ਹੀ ਅਜਿਹਾ ਕਰਨ ਦੀ ਆਗਿਆ ਹੋਵੇਗੀ।

ਕਾਰਪੋਰੇਸ਼ਨ ਅਤੇ ਕਿਸੇ ਹੋਰ ਇੱਕ ਸ਼ਹਿਰੀ ਖੇਤਰ ਜਾਂ ਨਗਰ ਪੰਚਾਇਤਾਂ ਵਿੱਚ ਪੈਂਦੇ ਇੱਕ ਤੋਂ ਵੱਧ ਗਰੁੱਪਾਂ/ਜੋਨਾਂ ਦੀ ਲਾਇਸੰਸ ਫੀਸ ਜਿਥੋਂ ਤੱਕ ਸੰਭਵ ਹੋ ਸਕੇ ਇੱਕ ਦੂਜੇ ਦੇ ਬਰਾਬਰ ਰੱਖੇ ਜਾਣ ਦੀ ਤਜਵੀਜ ਹੈ ਪ੍ਰੰਤੂ ਮੌਕੇ ਅਨੁਸਾਰ ਇਸ ਵਿੱਚ 10% ਦੀ ਵੈਰੀਏਸ਼ਨ ਹੋ ਸਕਦੀ ਹੈ।

ਲਾਇਸੰਸਿੰਗ ਯੂਨਿਟ/ਗਰੁਪ ਜਾਂ ਜੋਨ ਪ੍ਰਾਰਥੀਆਂ ਨੂੰ ਅਰਜੀਆਂ ਦੇ ਆਧਾਰ ਤੇ, ਅਤੇ ਜੇਕਰ ਇੱਕ ਲਾਇਸੰਸਿੰਗ ਯੂਨਿਟ/ਗਰੁਪ ਜਾਂ ਜੋਨ ਲਈ ਇੱਕ ਤੋਂ ਵੱਧ ਅਰਜੀਆਂ ਹੋਣ ਤਾਂ ਉਸ ਸੂਰਤ ਵਿੱਚ ਡਰਾਅ ਆਫ ਲਾਟਸ ਦੇ ਆਧਾਰ ਤੇ ਅਲਾਟ ਕੀਤੇ ਜਾਣਗੇ। ਇਸ ਮੰਤਵ ਲਈ ਜੋਨ ਦੀ ਅਲਾਟਮੈਂਟ ਲਈ ਦੋ ਡਰਾਅ ਕੱਢੇ ਜਾਣਗੇ। ਇਕ ਸਫਲ ਅਲਾਟੀ ਲਈ ਅਤੇ ਦੂਜਾ ਜੋਨ ਦੀ ਅਲਾਟਮੈਂਟ ਲਈ। ਸਫਲ ਪ੍ਰਾਰਥੀ ਦਾ ਜੋਨ ਅਲਾਟ ਕਰਨ ਦਾ ਡਰਾਅ ਨਾਲ ਹੀ ਕੱਢਿਆ ਜਾਵੇਗਾ। ਅਗਲਾ ਡਰਾਅ ਸਫਲ ਅਲਾਟੀ ਵਲੋਂ ਅਲਾਟਮੈਂਟ ਫੀਸ ਜਮ੍ਹਾਂ ਕਰਵਾਏ ਜਾਣ ਉਪਰੰਤ ਹੀ ਕੱਢਿਆ ਜਾਵੇਗਾ।

21.0 ਗਰੁਪ/ਜੋਨ ਦੀ ਮੁੜ ਬਣਤਰ ਅਤੇ ਅਲਾਟਮੈਂਟ:- ਸਾਲ 2016-17 ਦੀ ਆਬਕਾਰੀ ਨੀਤੀ ਅਨੁਸਾਰ ਜੇਕਰ ਕਿਸੇ ਇੱਕ ਖੇਤਰ ਦੇ ਸਾਰੇ ਯੂਨਿਟਾਂ ਲਈ ਅਰਜੀਆਂ ਪ੍ਰਾਪਤ ਨਹੀ ਹੋਈਆਂ ਜਾਂ ਕਿਸੇ ਖਾਸ ਖੇਤਰ ਦੇ ਲਾਇਸੰਸਿੰਗ ਯੂਨਿਟ ਜਾਂ ਗਰੁੱਪ ਆਫ ਲਾਇਸੰਸਿੰਗ ਯੂਨਿਟਾਂ ਦੀ ਅਲਾਟਮੈਂਟ ਸਰਕਾਰੀ ਮਾਲੀਏ ਦੇ ਹਿੱਤਾਂ ਵਿੱਚ ਨਹੀ ਲੱਗ ਰਹੀ ਤਾਂ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਉਸ ਖੇਤਰ ਦੀ ਅਲਾਟਮੈਂਟ ਪ੍ਰੀਕ੍ਰਿਆ ਰੱਦ ਕਰ ਸਕਦੇ ਹਨ। ਉਨ੍ਹਾਂ ਯੂਨਿਟਾਂ ਲਈ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਨਵੀਆਂ ਅਰਜੀਆਂ ਲੈ ਕੇ ਨਵੇ ਗਰੁੱਪ ਬਣਾਕੇ ਜਾਂ ਗੁਰੱਪ ਨਾ ਬਣਾ ਕੇ ਸਰਕਾਰੀ ਮਾਲੀਏ ਦੇ ਹਿੱਤਾਂ ਵਿੱਚ ਦੁਬਾਰਾ ਅਲਾਟਮੈਂਟ ਕਰ ਸਕਦੇ ਹਨ। ਉਸ

ਥਾਂ/ਖੇਤਰ/ਐਮ.ਸੀ./ ਸ਼ਹਿਰਾਂ ਦੇ ਸਾਰੇ ਯੂਨਿਟਾਂ ਦਾ ਇੱਕ ਗਰੁੱਪ ਜਾਂ ਜੋਨ ਬਣਾਕੇ ਵੀ ਨਿਪਟਾਰਾ ਕੀਤਾ ਜਾ ਸਕਦਾ ਹੈ।

ਨਿਰਧਾਰਤ ਕੀਤੀ ਅਲਾਟਮੈਂਟ ਫੀਸ ਜਮਾਂ ਕਰਵਾਂਉਣ ਤੋ ਬਾਅਦ ਜੇਕਰ ਕੋਈ ਸਫਲ ਬਿਨੈਕਾਰ/ਅਲਾਟੀ ਨਿਰਧਾਰਤ ਸਕਿਉਰਟੀ ਦਾ ਬਕਾਇਆ ਰਕਮ ਜਮਾਂ ਨਹੀ ਕਰਵਾਂਉਦਾ ਅਤੇ ਜੇਕਰ ਵੇਟਿੰਗ ਲਿਸਟ ਵਿੱਚ ਵੀ ਕੋਈ ਹੋਰ ਵਿਅਕਤੀ ਨਹੀ ਹੈ ਅਤੇ ਉਸ ਖੇਤਰ ਵਿੱਚ ਸਫਲ ਅਲਾਟੀਆਂ ਦੀ ਗਿਣਤੀ ਯੂਨਿਟਾਂ/ਜੋਨਾਂ ਤੋ ਘੱਟ ਹੈ ਤਾਂ ਉਪਰੋਕਤ ਦਰਸਾਈ ਪ੍ਰਕ੍ਰਿਆ ਹੀ ਅਪਣਾਈ ਜਾਵੇਗੀ।

ਜੇਕਰ ਪਹਿਲਾ ਜਾਂ ਅਰਲੀ ਅਲਾਟਮੈਟ ਪ੍ਰਕ੍ਰਿਆ ਰੱਦ ਕੀਤੀ ਜਾਂਦੀ ਹੈ ਤਾਂ ਪ੍ਰਾਰਥੀ ਵਲੋ ਦਿੱਤੀ ਗਈ ਅਰਜੀ ਦੀ ਫੀਸ ਉਸਨੂੰ ਵਾਪਸ ਮੋੜ ਦਿੱਤੀ ਜਾਵੇਗੀ।

ਜੇਕਰ ਕੋਈ ਲਾਇਸੰਸ ਯੂਨਿਟ/ਗਰੁੱਪ/ਜੋਨ ਪਹਿਲੀ ਵਾਰੀ ਅਲਾਟਮੈਂਟ ਦੀ ਪ੍ਰੀਕ੍ਰਿਆ ਦੌਰਾਨ ਅਲਾਟ ਨਾਂ ਕੀਤੇ ਜਾ ਸਕਣ ਤਾਂ ਉਹ ਚਾਲੂ ਸਾਲ ਦੌਰਾਨ ਬਾਕੀ ਰਹਿੰਦੇ ਸਮੇਂ ਲਈ ਪੀ.ਐਮ.ਐਲ/ਆਈ.ਐਮ.ਐਫ.ਐਲ ਅਤੇ ਬੀਅਰ ਦੇ ਅਨੁਪਾਤਕ ਕੋਟੇ ਅਤੇ ਸਾਲ ਦੀ ਬਾਕੀ ਰਹਿੰਦੀ ਅਨੁਪਾਤਕ ਲਾਇਸੰਸ ਫੀਸ ਦੇ ਆਧਾਰ ਤੇ ਕਿਸੇ ਨਵੇਂ ਬਿਨੈਕਾਰ ਨੂੰ ਨਿਯਮਾਂ ਅਨੁਸਾਰ ਅਲਾਟ ਕੀਤਾ ਜਾ ਸਕਦਾ ਹੈ। ਸਾਲ 2016-17 ਲਈ ਬਣਾਏ ਗਏ ਲਸੰਸਿੰਗ ਯੂਨਿਟ/ਗਰੁਪ/ਜੋਨਾਂ ਦੀ ਅਲਾਟਮੈਂਟ ਲਈ ਤਜਵੀਜ਼ ਕੀਤੀ ਪ੍ਰਕਰਿਆ ਤੋਂ ਇਲਾਵਾ ਕਿਸੇ ਖਾਸ ਹਾਲਾਤਾਂ ਵਿੱਚ ਇਨ੍ਹਾਂ ਲਸੰਸਿੰਗ ਯੂਨਿਟ/ਗਰੁਪ/ਜੋਨਾ ਨੂੰ ਟੈਂਡਰ ਪ੍ਰਣਾਲੀ ਰਾਹੀਂ ਅਲਾਟ ਕਰਨ ਲਈ ਪ੍ਰਵਾਨਗੀ ਅਤੇ ਰਿਜਰਵ ਪਰਾਇਸ ਨਿਰਧਾਰਿਤ ਕਰਨ ਦੇ ਅਧਿਕਾਰ ਮਾਨਯੋਗ ਉੱਪ ਮੁੱਖ ਮੰਤਰੀ ਜੀ ਬਤੌਰ ਮੰਤਰੀ ਇੰਚਾਰਜ ਨੂੰ ਦਿੱਤੇ ਗਏ ਹਨ।

22.0 ਅਲਾਟਮੈਂਟ ਲਈ ਅਰਜੀਆਂ:- ਸਾਲ 2016-17 ਦੋਰਾਨ ਠੇਕਿਆਂ ਦੀ ਅਲਾਟਮੈਂਟ ਅਰਜੀਆਂ ਦੇ ਆਧਾਰ ਤੇ ਕੀਤੀ ਜਾਵੇਗੀ। ਇਹ ਅਰਜੀਆਂ ਲਾਇਸੰਸਿੰਗ ਯੂਨਿਟਾਂ/ਗਰੁੱਪਾਂ/ਜੋਨਾਂ ਲਈ ਪ੍ਰਾਪਤ ਕੀਤੀਆਂ ਜਾਣਗੀਆਂ। ਕੋਈ ਵੀ ਵਿਅਕਤੀ ਲਾਇਸੰਸਿੰਗ ਯੂਨਿਟਾਂ/ਗਰੁੱਪਾਂ/ਜੋਨਾਂ ਲਈ ਜਿੰਨੀਆਂ ਮਰਜੀ ਅਰਜੀਆਂ ਪਾ ਸਕਦਾ ਹੈ।

23.0 ਅਰਜੀਆਂ ਲਈ ਫੀਸ:- ਸਾਲ 2016-17 ਲਈ ਲਾਇਸੰਸਿੰਗ ਯੂਨਿਟ/ਗਰੁਪ/ਜੋਨ ਦੀ ਅਲਾਟਮੈਂਟ ਲਈ ਬਿਨੈ ਪੱਤਰਾਂ ਦੀ ਕੀਮਤ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਇੱਕ ਲਾਇਸੰਸਿੰਗ ਯੂਨਿਟ ਜਾਂ ਯੂਨਿਟਾ ਦੇ ਗਰੁਪ ਜਿਸ ਦੀ ਲਾਇਸੰਸ ਫੀਸ | 2016-17 ਲਈ ਅਰਜੀ ਫੀਸ |
|---|---|---|
| (1) | (2) | (4) |
| 1. | 2 ਕਰੋੜ ਰੁਪਏ ਤੱਕ ਹੈ। | 15, 000/- |

| | | |
|---|---|---|
| 2. | 4 ਕਰੋੜ ਰੁਪਏ ਤੱਕ ਹੈ। | 25, 000/- |
| 3. | 6 ਕਰੋੜ ਰੁਪਏ ਤੱਕ ਹੈ। | 35, 000/- |
| 4. | 8 ਕਰੋੜ ਰੁਪਏ ਤੱਕ ਹੈ। | 45, 000/- |
| 5. | 10 ਕਰੋੜ ਰੁਪਏ ਤੱਕ ਹੈ। | 55,000/- |
| 6. | 10 ਕਰੋੜ ਰੁਪਏ ਤੋਂ ਵੱਧ ਹੈ। | 70,000/- |

ਇਹ ਫੀਸ ਰਿਫੰਡ ਨਹੀ ਹੋਵੇਗੀ ਪਰ ਹੇਠ ਲਿਖੇ ਕੇਸਾਂ ਵਿੱਚ ਇਹ ਫੀਸ ਮੋੜਨਯੋਗ ਹੋਵੇਗੀ:-

(1) ਜੇਕਰ ਵਿਭਾਗ ਵਲੋ ਪਹਿਲਾ ਜਾਂ ਅਗਲਾ ਅਲਾਟਮੈਂਟ ਪ੍ਰੋਸੀਜਰ ਰੱਦ ਕੀਤਾ ਜਾਂਦਾ ਹੈ।

(2) ਜੇਕਰ ਵਿਭਾਗ ਵਲੋ ਅਰਜੀ ਦਾ ਫਾਰਮ ਯੋਗ ਨਾਂ ਹੋਣ ਕਰਕੇ ਰੱਦ ਕੀਤਾ ਜਾਂਦਾ ਹੈ ਅਤੇ ਉਸਨੂੰ ਡਰਾਅ ਲਈ ਵਿਚਾਰਿਆ ਨਹੀ ਜਾਂਦਾ। ਅਜਿਹੀ ਸੂਰਤ ਵਿੱਚ 2000 ਰੁਪਏ ਦੀ ਰਕਮ (ਪ੍ਰਤੀ ਅਰਜੀ) ਬਤੌਰ ਪ੍ਰੋਸੈਸਿੰਗ ਫੀਸ ਦੇ ਤੋਰ ਤੇ ਕੱਟੀ ਜਾਵੇਗੀ।

ਸਾਲ 2016-17 ਲਈ ਪ੍ਰਾਪਤ ਹੋਈ ਐਪਲੀਕੇਸ਼ਨ ਰਾਸ਼ੀ ਦਾ 50% ਹਿੱਸਾ ਪੰਜਾਬ ਡਿਵੈਲਪਮੈਂਟ ਫੰਡ ਜੋ ਕਿ ਪੰਜਾਬ ਡਿਵੈਲਪਮੈਂਟ ਫੰਡ ਐਕਟ 2014 (ਪੰਜਾਬ ਐਕਟ ਨੰ: 1 ਆਫ 2015) ਤਹਿਤ ਬਣਾਇਆ ਗਿਆ ਹੈ ਵਿੱਚ ਜਮ੍ਹਾ ਕਰਵਾਇਆ ਜਾਵੇਗਾ।

24.0 ਅਰਜੀਆਂ ਲੈਣ ਦਾ ਤਰੀਕਾ:- ਸਾਲ 2016-17 ਦੀ ਆਬਕਾਰੀ ਨੀਤੀ ਵਿੱਚ ਅਰਜੀਆਂ ਜਿਲ੍ਹਾ ਦਫਤਰ ਅਤੇ ਬੈਂਕਾਂ ਰਾਹੀਂ ਪ੍ਰਾਪਤ ਕੀਤੀਆਂ ਜਾਣਗੀਆਂ । ਇਸ ਮੰਤਵ ਲਈ ਆਬਕਾਰੀ ਤੇ ਕਰ ਕਮਿਸ਼ਨਰ ਵੱਲੋਂ ਵੱਖ-2 ਸ਼ਡਿਊਲਡ ਬੈਂਕ ਬਰਾਚਾਂ ਨੂੰ ਅਧਿਕਾਰਤ ਕੀਤਾ ਜਾਵੇਗਾ। ਬੈਂਕ ਵੱਲੋ 100/- ਪ੍ਰਤੀ ਅਰਜੀ ਪ੍ਰੋਸੈਸਿੰਗ ਫੀਸ ਚਾਰਜ ਕੀਤੀ ਜਾਵੇਗੀ। ਕਿਸੇ ਵੀ ਅਧਿਕਾਰਤ ਬੈਂਕ ਬਰਾਂਚ ਤੇ ਪੰਜਾਬ ਦੇ ਕਿਸੇ ਵੀ ਜਿਲੇ ਦੇ ਕਿਸੇ ਵੀ ਗਰੁੱਪ ਲਈ ਅਰਜੀ ਪ੍ਰਾਪਤ ਕੀਤੀ ਜਾ ਸਕਦੀ ਹੈ।

25.0 ਅਲਾਟਮੈਂਟ ਆਫ ਲਾਇਸੰਸਿੰਗ ਯੂਨਿਟ/ਗਰੁਪ/ਜੋਨ:-

ਪੀ.ਐਮ.ਐਲ. (ਐਲ-14ਏ) ਅਤੇ ਆਈ.ਐਮ.ਐਫ.ਐਲ. (ਐਲ-2) ਰਿਟੇਲ ਦੇ ਲਾਇਸੰਸ ਮੁਨਾਸਬ ਪ੍ਰਚਾਰ ਕਰਨ ਉਪਰੰਤ ਅਰਜੀਆਂ ਮੰਗ ਕੇ ਦਿੱਤੇ ਜਾਣਗੇ। ਜੇਕਰ ਕਿਸੇ ਵਿਸ਼ੇਸ ਇਲਾਕੇ ਵਿੱਚ ਅਲਾਟ ਕੀਤੀਆਂ ਜਾਣ ਵਾਲੀਆਂ ਇਕਾਈਆਂ ਜਾਂ ਗਰੁੱਪਾਂ ਜਾਂ ਜੋਨਾਂ ਦੀ ਗਿਣਤੀ ਤੋ ਅਰਜੀਆਂ ਦੀ ਗਿਣਤੀ ਜਿਆਦਾ ਹੈ ਤਾਂ ਉਸ ਸੂਰਤ ਵਿੱਚ ਅਲਾਟਮੈਂਟ ਬਿਨੈਕਾਰਾਂ ਅਤੇ ਜਨਤਾ ਦੀ ਹਾਜਰੀ ਅਤੇ ਵਿਭਾਗ ਦੀ ਹਾਜਰੀ ਵਿੱਚ ਪਾਰਦਰਸ਼ੀ ਪ੍ਰਣਾਲੀ ਰਾਂਹੀ ਲਾਟਰੀ ਦੇ ਡਰਾਅ ਕੱਢ ਕੇ ਕੀਤੀ ਜਾਵੇਗੀ। ਹਰ ਇੱਕ ਅਲਾਟਮੈਂਟ ਕੀਤੇ ਜਾਣ ਵਾਲੇ ਸਥਾਨ ਉਤੇ ਵਿਭਾਗ ਅਤੇ ਸਰਕਾਰ ਦੁਆਰਾ ਨਿਗਰਾਨ ਨਿਯੁਕਤ ਕੀਤੇ ਜਾਣਗੇ। ਡਰਾਅ ਆਫ ਲਾਟਸ ਵੇਲੇ ਜੇ ਕੋਈ

ਵਿਅਕਤੀ ਵਿਭਾਗ ਵੱਲੋ ਕੱਢੇ ਗਏ ਡਰਾਅ ਨਾਲ ਸੰਤੁਸਟ ਨਹੀਂ ਹੈ ਤਾਂ ਉਹ ਡਰਾਅ ਦੇ ਅਨਾਉਸ ਹੋਣ ਦੇ ਇੱਕ ਘੰਟੇ ਦੇ ਅੰਦਰ-2 ਜਿਲੇ ਦੇ ਸਹਾਇਕ ਅਬਕਾਰੀ ਤੇ ਕਰ ਕਮਿਸ਼ਨਰ ਨੂੰ ਲਿਖਤੀ ਦਰਖਾਸਤ ਦੇ ਸਕਦਾ ਹੈ। ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਸਾਰੇ ਪੱਖਾਂ ਨੂੰ ਵਿਚਾਰ ਕੇ ਤਿੰਨ ਘੰਟੇ ਦੇ ਅੰਦਰ-2 ਸਪੀਕਿੰਗ ਆਰਡਰ ਰਾਹੀਂ ਸਾਰੀਆਂ ਧਿਰਾਂ ਨੂੰ ਆਪਣਾ ਫੈਸਲਾ ਦੇਵੇਗਾ। ਜੇਕਰ ਕੋਈ ਧਿਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੇ ਫੈਸਲੇ ਤੋ ਸੰਤੁਸਟ ਨਹੀਂ ਹੈ ਤਾਂ ਉਹ ਉਸ ਫੈਸਲੇ ਦੇ ਵਿਰੁੱਧ 24 ਘੰਟੇ ਤੇ ਅੰਦਰ-2 ਸਬੰਧਤ ਉਪ ਆਬਕਾਰੀ ਤੇ ਕਰ ਕਮਿਸ਼ਨਰ ਕੋਲ ਅਪੀਲ ਕਰ ਸਕੇਗੀ। ਜੇਕਰ ਕੋਈ ਧਿਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੇ ਫੈਸਲੇ ਦੇ ਵਿਰੁੱਧ ਅਪੀਲ ਕਰਨਾ ਚਾਹੁੰਦੀ ਹੈ ਤਾਂ ਉਹ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਾ ਫੈਸਲਾ ਪ੍ਰਾਪਤ ਹੁੰਦੇ ਹੀ ਉਹਨਾਂ ਨੂੰ ਲਿਖਤੀ ਤੌਰ ਤੇ ਆਪਣੀ ਅਪੀਲ ਕਰਨ ਦੀ ਮਨਸਾ ਬਾਰੇ ਸੂਚਿਤ ਕਰੇਗੀ। ਅਜਿਹੀ ਸੂਚਨਾ ਪ੍ਰਾਪਤ ਹੋਣ ਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਅਲਾਟਮੈਂਟ ਦੀ ਪ੍ਰੀਕ੍ਰਿਆ ਨੂੰ ਪੈਡਿੰਗ ਕਰ ਦੇਣਗੇ। ਉਪ ਆਬਕਾਰੀ ਤੇ ਕਰ ਕਮਿਸ਼ਨਰ ਕੋਲ ਅਪੀਲ/ਸੁਣਵਾਈ ਤੋਂ ਪਹਿਲਾਂ ਹਰ ਧਿਰ ਨੂੰ ਲਾਇੰਸਸ ਫੀਸ ਦਾ ਇੱਕ ਪ੍ਰਤੀਸ਼ਤ ਲਾਇਸੰਸ ਫੀਸ ਜਮ੍ਹਾਂ ਕਰਵਾਉਣੀ ਪਵੇਗੀ। ਉਪ ਆਬਕਾਰੀ ਤੇ ਕਰ ਕਮਿਸ਼ਨਰ ਅਪੀਲ ਪ੍ਰਾਪਤ ਹੋਣ ਦੇ 24 ਘੰਟੇ ਦੇ ਅੰਦਰ-2 ਸਾਰੇ ਪੱਖਾਂ ਨੂੰ ਸੁਣਕੇ ਸਪੀਕਿੰਗ ਆਰਡਰ ਜਾਰੀ ਕਰਨਗੇ। ਉਪ ਆਬਕਾਰੀ ਤੇ ਕਰ ਕਮਿਸ਼ਨਰ ਦਾ ਫੈਸਲਾ ਅੰਤਿਮ ਹੋਵੇਗਾ।

26.0 ਲਾਇਸੰਸ ਫੀਸ:- (ੳ) ਸਾਲ 2016-17 ਵਿੱਚ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਉੱਤੇ ਲਾਇਸੰਸ ਫੀਸ 257/-ਰੁਪਏ ਪ੍ਰਤੀ ਪਰੂਫ ਲੀਟਰ ਨਿਰਧਾਰਤ ਕੀਤੀ ਗਈ ਹੈ। ਬੀਅਰ ਤੇ ਲਾਇਸੰਸ ਫੀਸ 22/- ਰੁਪਏ ਨਿਰਧਾਰਤ ਕੀਤੀ ਗਈ ਹੈ।

(ਅ) ਗਰੁੱਪਸ ਦਾ ਜੋ ਵੀ ਦੇਸੀ, ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਕੋਟਾ ਹੋਵਗਾ, ਉਸ ਅਨੁਸਾਰ ਗਰੁੱਪ ਦੀ ਲਾਇਸੰਸ ਫੀਸ ਨਿਰਧਾਰਤ ਕੀਤੀ ਜਾਵੇਗੀ।

(ੲ) ਸਾਲ 2016-17 ਦੋਰਾਨ ਦੇਸੀ ਸ਼ਰਾਬ ਦੇ ਕੇਸ ਵਿੱਚ ਲਾਇੰਸਸ ਫੀਸ ਨੂੰ ਦੋ ਹਿੱਸਿਆ ਵਿੱਚ ਵੰਡਿਆ ਗਿਆ ਹੈ। 183/- ਰੁਪਏ ਪ੍ਰਤੀ ਪਰੂਫ ਬੇਸਿਕ ਲਾਇੰਸਸ ਫੀਸ ਅਤੇ 74/-ਰੁਪਏ ਪ੍ਰਤੀ ਪਰੂਫ ਲੀਟਰ ਸਪੈਸ਼ਲ ਲਾਇਸੰਸ ਫੀਸ, ਸਲਾਨਾ ਲਾਇਸੰਸ ਫੀਸ ਦਾ ਹਿੱਸਾ ਨਿਰਧਾਰਤ ਕੀਤੀ ਗਈ ਹੈ। ਸਪੈਸਲ ਲਾਇਸੰਸ ਫੀਸ ਡਿਸਟਿਲਰੀ ਵੱਲੋਂ ਆਪਣੇ ਐਲ-13 ਨੂੰ ਮਾਲ ਭੇਜਣ ਲਈ ਪਰਮਿਟ ਪ੍ਰਾਪਤ ਕਰਨ ਤੋਂ ਪਹਿਲਾਂ ਜਮ੍ਹਾਂ ਕਰਵਾਈ ਜਾਵੇਗੀ। ਸਪੈਸਲ ਲਾਇਸੰਸ ਫੀਸ ਤੇ ਕੋਈ ਵੈਟ ਨਹੀਂ ਲੱਗੇਗਾ। ਜੇ ਕਿਸੇ ਸਟੇਜ ਤੇ ਸਰਕਾਰ ਨੂੰ ਲੱਗਦਾ ਹੈ ਕਿ ਇਸ ਵੰਡ ਦੇ ਕਾਰਣ ਕੋਈ ਔਖਿਆਈ ਆਉਂਦੀ ਹੈ ਅਤੇ ਇਸ ਵੰਡ ਨੂੰ ਖਤਮ ਕਰਨਾ ਹੈ ਜਾਂ ਇਸ ਵਿੱਚ ਕੋਈ

ਤਬਦੀਲੀ ਕਰਨੀ ਹੈ ਤਾਂ ਸਰਕਾਰ ਇਸ ਸਬੰਧੀ ਢੁੱਕਵਾਂ ਫੈਸਲਾ ਲੈਣ ਲਈ ਅਧਿਕਾਰਤ ਹੋਵੇਗੀ। ਸਪੈਸਲ ਲਸੰਸ ਫੀਸ ਦੀ ਹਰ ਸਾਲ ਦੀ ਆਖਰੀ ਕੁਆਰਟਰ ਦੇ ਕੋਟੇ ਤੇ ਬਣਦੀ ਰਕਮ ਡਿਸਟਿਲਰੀ / ਐਲ-13 ਜਾ ਰਿਟੇਲ ਲਸੰਸੀ ਵਲੋਂ ਆਪਣੇ ਨਾਮ ਤੇ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ ਪਰ ਰਿਟੇਲ ਲਸੰਸੀ ਵੱਲੋ ਇਹ ਰਕਮ ਜਮਾਂ ਕਰਵਾਉਣ ਲਈ ਸਬੰਧਤ ਜਿਲੇ ਦੇ ਸਹਾਇਕ ਆਬਕਾਰੀ ਤੇ ਕਰ ਕਮਿਸਨਰ ਦੀ ਪੂਰਵ ਪ੍ਰਵਾਨਗੀ ਲੈਣ ਜਰੂਰੀ ਹੋਵੇਗੀ । ਇਸ ਫੀਸ/ਰਸੀਦ ਦੀ ਇਵਜ ਵਿਚ ਲਸੰਸੀ ਨੂੰ ਆਪਣੇ ਪਸੰਦ ਦੇ ਐਲ.13 ਲਸੰਸ ਮਾਲ ਚੁੱਕਣ ਲਈ ਪਰਮਿਟ ਜਾਰੀ ਹੋਣਗੇ।

ਸ) ਹਰ ਲਾਇਸੰਸੀ ਇਹ ਯਕੀਨੀ ਬਣਾਵੇਗਾ ਕਿ ਹਰੇਕ ਵਿੱਤੀ ਸਾਲ ਦੇ 30 ਸਤੰਬਰ ਤੱਕ ਉਸ ਦੇ ਬਣਦੇ ਕੋਟੇ ਦੇ 45% ਦੀ ਸਪੈਸਲ ਲਾਇਸੰਸ ਫੀਸ ਸਰਕਾਰ ਨੂੰ ਅਦਾ ਹੋ ਜਾਵੇ। ਇਸ ਮੰਤਵ ਲਈ ਜਿੰਨੀ ਸਪੈਸਲ ਲਾਇੰਸਸ ਫੀਸ ਲੰਸਸੀ ਵਲੋਂ ਚੱਕੇ ਕੋਟੇ ਤੇ ਅਦਾ ਕੀਤੀ ਜਾ ਚੁੱਕੀ ਹੈ, ਲਸੰਸੀ ਨੂੰ ਉਸਦਾ ਲਾਭ ਦਿੰਦੇ ਹੋਏ ਬਾਕੀ ਬਚਦੀ ਰਕਮ ਉਸ ਤੋਂ ਖਜਾਨੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ। ਇਸੇ ਤਰਾਂ ਲਸੰਸੀ ਨੂੰ ਹਰੇਕ ਵਿੱਤੀ ਸਾਲ ਦੇ 31 ਦਸੰਬਰ ਤੱਕ 100% ਕੋਟੇ ਤੇ ਬਣਦੀ ਸਪੈਸਲ ਲਸੰਸ ਫੀਸ ਸਰਕਾਰ ਨੂੰ ਅਦਾ ਕਰਨੀ ਹੋਵੇਗੀ। ਇਸ ਕਿਸ਼ਤ ਨੂੰ ਦੇਰੀ ਨਾਲ ਭਰਨ ਤੇ 1.5 ਪ੍ਰਤੀਸ਼ਤ ਮਹੀਨੇ ਦਾ ਵਿਆਜ ਪ੍ਰਤੀ ਦਿਨ ਦੇ ਹਿਸਾਬ ਨਾਲ ਵਸੂਲਿਆ ਜਾਵੇਗਾ। ਮਿਤੀ 15 ਜਨਵਰੀ ਤੋਂ ਬਾਅਦ ਇਸ ਸਮੇਂ ਵਿੱਚ ਕੋਈ ਹੋਰ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਉਸਦਾ ਠੇਕਾ/ਗਰੁੱਪ ਜਾਂ ਜੋਨ ਦੇ ਠੇਕੇ ਬੰਦ ਕਰ ਦਿੱਤੇ ਜਾਣਗੇ ਅਤੇ ਸਬੰਧਤ ਮੰਡਲ ਦੇ ਉਪ ਆਬਕਾਰੀ ਤੇ ਕਰ ਕਮਿਸਨਰ-ਕਮ-ਕੁਲੈਕਟਰ ਵੱਲੋਂ ਕਾਨੂੰਨ ਮੁਤਾਬਕ ਜਬਰੀ ਮਾਲੀਆ ਵਸੂਲਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਠੇਕਾ/ਗਰੁੱਪ/ਜੋਨ ਨੂੰ ਰੀ-ਅਲਾਟਮੈਂਟ ਕਰਨ ਦੀ ਕਾਰਵਾਈ ਅਰੰਭੀ ਜਾਵੇਗੀ। ਸਰਕਾਰ ਦਾ ਵਿਆਜ ਸਹਿਤ ਸਾਰਾ ਮਾਲੀਆ/ਫੀਸ/ਡਿਊਟੀ /ਲੈਵੀ ਆਦਿ ਭਰਨ ਤੇ ਹੀ ਕੁਲੈਕਟਰ ਵੱਲੋਂ ਠੇਕਾ/ਗਰੁੱਪ/ਜੋਨ ਦੇ ਠੇਕੇ ਖੋਲਣ ਬਾਰੇ ਵਿਚਾਰ ਕੀਤਾ ਜਾਵੇਗਾ।

27.0 ਅਲਾਟਮੈਂਟ ਫੀਸ, ਸਿਕਿਉਰਟੀ ਅਤੇ ਲਸੰਸ ਫੀਸ ਦੀਆਂ ਕਿਸ਼ਤਾਂ:-

ਸਾਲ 2016-17 ਦੀ ਪਾਲਿਸੀ ਦੌਰਾਨ ਕਾਰਪੋਰੇਸ਼ਨ ਏਰੀਏ ਵਿੱਚ ਪੈਂਦੇ ਲਸੰਸਿਗ ਯੂਨਿਟ/ਗਰੁੱਪ/ਜੋਨ ਦੀ ਬਣਦੀ ਲਸੰਸ ਫੀਸ ਦਾ 2% ਅਤੇ ਹੋਰ ਅਰਬਨ ਅਤੇ ਰੂਰਲ ਏਰੀਏ ਵਿੱਚ ਪੈਂਦੇ ਲਸੰਸਿਗ ਯੂਨਿਟ/ਗਰੁੱਪ/ਜੋਨ ਦੀ ਬਣਦੀ ਲਸੰਸ ਫੀਸ ਦਾ 1% ਦੀ ਦਰ ਨਾਲ ਅਲਾਟਮੈਂਟ ਫੀਸ ਵਸੂਲੀ ਜਾਵੇਗੀ । ਇਸ ਫੀਸ ਦੀ ਅਦਾਇਗੀ ਕੈਸ ਜਾਂ ਡੀਮਾਂਡ ਡਰਾਫਟ, ਬੈਕਰਜ ਚੈਕ, ਪੇ-ਆਰਡਰ ਅਤੇ ਅਦਰ ਪਰੀ-ਪੇਡ ਬੈਂਕ ਇਸਟਰੂਮੈਂਟ ਰਾਹੀਂ ਕੀਤੀ ਜਾ ਸਕਦੀ ਹੈ।

ਅਗਲਾ ਡਰਾਅ ਪਹਿਲੇ ਸਫਲ ਅਲਾਟੀ ਵਲੋਂ ਅਲਾਟਮੈਂਟ ਫੀਸ ਜਮਾਂ ਕਰਾਉਣ ਤੋਂ ਬਾਅਦ ਹੀ ਕੱਢਿਆ ਜਾਵੇਗਾ। ਅਜਿਹਾ ਨਾਂ ਕਰਨ ਤੇ ਉਸਦੀ ਅਲਾਟਮੈਂਟ ਰੱਦ ਕਰ ਦਿੱਤੀ ਜਾਵੇਗੀ ਅਤੇ ਅਜਿਹੇ ਵਿਅਕਤੀ ਦੇ ਹੱਕ ਵਿਚ ਕਿਸੇ ਵੀ ਜਿਲ੍ਹੇ ਵਿਚ ਹੋਈ ਜਾਂ ਹੋਣ ਵਾਲੀ ਠੇਕਿਆਂ ਦੇ ਲਸੰਸਾਂ ਦੀ ਅਲਾਟਮੈਂਟ ਨੂੰ ਰੱਦ ਸਮਝਿਆ ਜਾਵੇਗਾ। ਜਦੋਂ ਅਲਾਟਮੈਂਟ ਫੀਸ ਅਦਾ ਕੀਤੀ ਜਾਵੇਗੀ, ਤਾਂ ਇਸ ਨਾਲ ਵਿਅਕਤੀ ਵਿਭਾਗ ਅਤੇ ਉਸ ਨਾਲ ਕੀਤੇ ਸਮਝੌਤੇ ਦੀਆਂ ਸ਼ਰਤਾਂ ਔਬਲੀਗੇਸ਼ਨਾਂ ਤਹਿਤ ਆ ਜਾਵੇਗਾ ਅਤੇ ਉਸ ਨੂੰ ਕੰਟਰੈਕਟ ਦੀਆਂ ਸਾਰੀਆਂ ਸ਼ਰਤਾਂ ਮੰਨਣੀਆਂ ਪੈਣਗੀਆਂ ਜਿਵੇਂ ਕਿ ਲਸੰਸ ਦੀ ਪੂਰੀ ਲਸੰਸ ਫੀਸ ਨੂੰ ਜਮ੍ਹਾਂ ਕਰਵਾਉਣਾ ਆਦਿ। ਇਸ ਨਾਲ ਕੋਈ ਵੀ ਸਫਲ ਅਲਾਟੀ ਆਪਣੀ ਜ਼ੁੰਮੇਵਾਰੀ ਤੋ ਮੁਕਰ ਨਹੀ ਸਕੇਗਾ। ਅਲਾਟਮੈਂਟ ਫੀਸ ਦੀ ਰਕਮ, 12 ਪ੍ਰਤੀਸਤ ਸਕਿਉਰਟੀ ਵਿਚੋਂ ਹੇਠ ਲਿਖੇ ਅਨੁਸਾਰ ਵਸੂਲ ਕੀਤੀ ਜਾਵੇਗੀ:-

(1) 5% ਸਕਿਉਰਟੀ ਲਾਟਰੀ ਦੇ ਡਰਾਅ ਤੋ 48 ਘੰਟਿਆਂ ਵਿੱਚ (ਸਭ ਤੋ ਪਹਿਲਾਂ ਇਸ ਵਿੱਚ ਅਦਾ ਕੀਤੀ ਅਲਾਟਮੈਂਟ ਫੀਸ ਅਡਜਸਟ ਕੀਤੀ ਜਾਵੇਗੀ)

(2) 7% ਸਕਿਉਰਟੀ ਲਾਟਰੀ ਦੇ ਡਰਾਅ ਦੇ 1 ਹਫਤੇ ਵਿਚ ਜਾਂ 31 ਮਾਰਚ ਤੋਂ ਪਹਿਲਾਂ, ਜੋ ਵੀ ਪਹਿਲਾਂ ਆਵੇ।

ਪਰ ਲਸੰਸੀ ਉਪਰੋਕਤ 12% ਸਿਕਿਉਰਟੀ ਵਿਚੋਂ 2% ਸਕਿਉਰਟੀ 7 ਅਪ੍ਰੈਲ ਤੱਕ 1.5% ਪ੍ਰਤੀ ਮਹੀਨਾ (ਦਿਨਾਂ ਦੇ ਹਿਸਾਬ ਨਾਲ) ਉਪ ਆਬਕਾਰੀ ਤੇ ਕਰ ਕਮਿਸਨਰ, ਮੰਡਲ ਇੰਚਾਰਜ ਦੀ ਪੂਰਵ ਪ੍ਰਵਾਨਗੀ ਨਾਲ ਜਮ੍ਹਾਂ ਕਰਵਾ ਸਕੇਗਾ। ਇਸ ਫੀਸ ਨੂੰ 2016-17 ਦੇ ਅੰਤਿਮ ਮਹੀਨਿਆਂ ਜਨਵਰੀ, ਫਰਵਰੀ ਅਤੇ ਮਾਰਚ, 2017 ਵਿੱਚ ਅਡਜਸਟ ਕੀਤਾ ਜਾਵੇਗਾ।

ਲਸੰਸ ਫੀਸ ਦੀ ਕਿਸ਼ਤ ਸਾਰਨੀ ਹੇਠ ਲਿਖੇ ਅਨੁਸਾਰ ਹੈ:-

| ਮਹੀਨਾ | ਲਸੰਸ ਫੀਸ ਪ੍ਰਤੀ ਮਹੀਨਾ |
|---|---|
| ਅਪ੍ਰੈਲ, ਮਈ ਅਤੇ ਜੂਨ | 9 ਪ੍ਰਤੀਸ਼ਤ |
| ਜੁਲਾਈ ਤੋਂ ਨਵੰਬਰ | 10 ਪ੍ਰਤੀਸ਼ਤ |
| ਦਸੰਬਰ | 11 ਪ੍ਰਤੀਸ਼ਤ |

ਹਰ ਮਹੀਨੇ ਦੀ ਅਦਾਇਗੀ ਯੋਗ ਕਿਸਤ ਹਰ ਮਹੀਨੇ ਦੇ ਅਖੀਰਲੇ ਕਾਰਜੀ ਦਿਨ ਤੱਕ ਦੇਣੀ ਹੋਵੇਗੀ। ਕਿਸੇ ਵੀ ਕਿਸ਼ਤ ਨੂੰ ਦੇਰ ਨਾਲ ਭਰਨ ਤੇ ਜੁਰਮਾਨੇ ਦੀ ਰਕਮ ਤੇ ਵਾਧੂ 1.5% ਪ੍ਰਤੀ ਮਹੀਨੇ ਦਾ ਵਿਆਜ ਪ੍ਰਤੀ ਦਿਨ ਦੇ ਹਿਸਾਬ ਨਾਲ ਵਸੂਲਿਆ ਜਾਵੇਗਾ। ਜੇਕਰ ਪਿਛਲੇ ਮਹੀਨੇ ਦੀ ਲਸੰਸ ਫੀਸ ਅਗਲੇ ਮਹੀਨੇ ਦੀ 15 ਤਰੀਕ ਤੱਕ ਨਹੀਂ ਜਮਾਂ ਕਰਵਾਈ ਜਾਂਦੀ ਤਾਂ ਲਸੰਸ ਮੁਅੱਤਲ ਸਮਝਿਆ ਜਾਵੇਗਾ ਅਤੇ ਠੇਕੇ ਬੰਦ ਕਰ ਦਿੱਤੇ ਜਾਣਗੇ। ਲਸੰਸ ਦੀ ਬਹਾਲੀ ਉਦੋਂ ਹੀ ਕੀਤੀ ਜਾਵੇਗੀ ਜਦੋਂ ਬਕਾਇਆ ਕਿਸਤਾਂ, ਵਿਆਜ ਅਤੇ ਜੁਰਮਾਨੇ ਦੀ ਅਦਾਇਗੀ ਕਰ ਦਿੱਤੀ

ਜਾਵੇਗੀ ਅਤੇ ਉਸ ਮਹੀਨੇ ਦੀ 30 ਤਰੀਕ ਤੱਕ ਮੁਅੱਤਲ ਕੀਤੇ ਲਸੰਸ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਕਾਨੂੰਨ ਮੁਤਾਬਕ ਰੀ-ਅਲਾਟਮੈਂਟ ਦੀ ਪ੍ਰੀਕ੍ਰਿਆ ਅਰੰਭੀ ਜਾਵੇਗੀ।

ਵਾਈਨ ਅਤੇ ਪੀਣਯੋਗ ਤਿਆਰ ਤਰਲ (ਆਰ.ਟੀ.ਡੀ.) ਨੂੰ ਛੱਡਕੇ ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਕੋਟੇ ਦੀ ਸਪਲਾਈ ਲਈ ਲਸੰਸੀ ਨੂੰ ਪਰਮਿਟ ਜਾਰੀ ਕਰਨ ਸਮੇਂ ਪੀ.ਐਮ.ਐਲ., ਆਈ.ਐਮ.ਐਫ.ਐਲ. ਅਤੇ ਬੀਅਰ ਤੇ ਬਣਦੀ ਲਾਇੰਸਸ ਫੀਸ ਅਦਾ ਕਰਨੀ ਹੋਵੇਗੀ। ਇਸ ਰਕਮ ਦਾ ਸਮਯੋਜਨ ਲਸੰਸ ਫੀਸ ਦੀਆ ਉਪਰੋਕਤ ਦਰਸਾਈਆਂ ਫੀਸਾਂ ਦੀ ਸਾਰਣੀ ਅਨੁਸਾਰ ਬਣਦੀ ਕੁੱਲ ਲਸੰਸ ਫੀਸ ਵਿਚੋਂ ਕੀਤਾ ਜਾਵੇਗਾ।

ਸਫਲ ਅਲਾਟੀ 15 ਅਪਰੈਲ, 2016 ਤੱਕ ਆਪਣਾ ਠੇਕਾ ਖੋਲੇਗਾ। ਜੇਕਰ ਉਸ ਤੋ ਅਜਿਹਾ ਨਹੀ ਕੀਤਾ ਜਾ ਸਕਿਆ ਤਾਂ ਸਬੰਧਤ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਉਸਨੂੰ 30 ਅਪਰੈਲ, 2016 ਤੱਕ ਦਾ ਸਮਾਂ ਦੇ ਸਕਦਾ ਹੈ ਪਰ ਇਸਦੇ ਲਈ ਉਸਤੋਂ 25,000/- ਰੁਪਏ ਕਾਰਪੋਰੇਸ਼ਨ ਏਰੀਏ ਲਈ ਅਤੇ 10,000/- ਰੁਪਏ ਹੋਰ ਏਰੀਏ ਲਈ ਬਤੌਰ ਜੁਰਮਾਨੇ ਵਜੋ ਵਸੂਲੇ ਜਾਣਗੇ।

28.0 ਅਡੀਸ਼ਨਲ ਲਾਇਸੰਸ ਫੀਸ:- ਸਾਲ 2016-17 ਵਿੱਚ ਦੇਸੀ ਸਰਾਬ ਉੱਤੇ ਅਡੀਸਨਲ ਲਾਇਸੰਸ ਫੀਸ 29/- ਰੁਪਏ ਪ੍ਰਤੀ ਪਰੂਫ ਲਿਟਰ ਲਗਾਈ ਗਈ ਹੈ । ਇਸ 29/-ਰੁਪਏ ਵਿਚੋਂ 11/- ਰੁਪਏ ਪ੍ਰਤੀ ਪੀ.ਐਲ. ਸਿੱਖਿਆ ਵਿਭਾਗ ਦੇ ਡੈਡੀਕੇਟਿਡ ਫੰਡ ਵਿਚ ਟਰਾਂਸਫਰ ਕੀਤੇ ਜਾਣਗੇ। ਖੇਡਾਂ ਨੂੰ ਪ੍ਰਫੁਲੱਤ ਕਰਨ ਲਈ ਖੇਡ ਵਿਭਾਗ ਦੇ ਡੈਡੀਕੇਟਡ ਫੰਡ ਵਿੱਚ 10/- ਰੁਪਏ ਪ੍ਰਤੀ ਪੀ.ਐਲ ਟਰਾਂਸਫਰ ਕੀਤੇ ਜਾਣਗੇ ਅਤੇ 7/- ਰੁਪਏ ਪ੍ਰਤੀ ਪੀ.ਐਲ. ਕਲਚਰਲ ਡਿਵੈਲਪਮੈਂਟ ਫੰਡ ਵਿੱਚ ਟਰਾਂਸਫਰ ਕੀਤੇ ਜਾਣਗੇ। ਬਾਕੀ ਰਹਿੰਦਾ 1/- ਰੁਪਇਆ ਪ੍ਰਤੀ ਪਰੂਫ ਲਿਟਰ ਸਰਕਾਰ ਵੱਲੋ ਸਥਾਪਤ ਕੀਤੀ ਜਾਣ ਵਾਲੀ ਅਥਾਰਟੀ ਫਾਰ ਅੱਪਕੀਪ ਆਫ ਹੈਰੀਟੇਜ ਪਲੇਸਿਜ ਨੂੰ ਟਰਾਂਸਫਰ ਕੀਤਾ ਜਾਵੇਗਾ ।

29.0 ਸਪੈਸਲ ਅਸੈਸਡ ਫੀਸ:- ਸਾਲ 2016-17 ਦੌਰਾਨ 75 ਡਿਗਰੀ ਦੀ ਦੇਸੀ ਸਰਾਬ ਤੇ ਸਪੈਸਲ ਅਸੈਸਡ ਫੀਸ ਦੀ ਦਰ ਨੂੰ 20 ਰੁਪਏ ਪ੍ਰਤੀ ਪਰੂਫ ਲਿਟਰ ਦੀ ਦਰ ਤੋਂ ਘਟਾ ਕੇ 5/- ਰੁਪਏ ਪ੍ਰਤੀ ਪਰੂਫ ਲਿਟਰ ਕੀਤਾ ਗਿਆ ਹੈ।

30.0 ਐਕਸਟਰਾ ਲਾਇਸੰਸ ਫੀਸ (ਈ.ਐਲ.ਐਫ.):- ਸਾਲ 2016-17 ਦੋਰਾਨ ਐਕਸਟਰਾ ਲਸੰਸ ਫੀਸ ਹੇਠ ਲਿਖੇ ਅਨੁਸਾਰ ਚਾਰਜ ਕੀਤੀ ਜਾਵੇਗੀ : -

| EDP Range of IMFL/IFL | Rate of ELF in Rs. Per PL(2016-17) |
|---|---|
| EDP upto 650 | 38/- |
| EDP 651 - 950 | 44/- |

| | |
|---|---|
| EDP 951 – 1200 | 55/- |
| EDP 1201 – 1400 | 66/- |
| EDP 1401 – 1500 | 80/- |
| EDP 1501 – 2500 | 82/- |
| EDP 2501 – 3500 | 110/- |
| EDP 3501 – 4500 | 120/- |
| EDP 4501 – 7000 | 200/- |
| EDP above 7000 | 240/- |

31.0 ਇੰਪੋਰਟ ਫੀਸ :- ਰਾਜ ਵਿੱਚ ਸਨੱਅਤ ਦੇ ਵਿਕਾਸ ਅਤੇ ਰਾਜ ਦੇ ਲੋਕਾਂ ਨੂੰ ਰੁਜਗਾਰ ਮਿਲਣ ਦੀ ਮਨਸਾ ਨਾਲ ਰਾਜ ਤੋਂ ਬਾਹਰੋਂ ਬੋਟਲ ਹੋ ਕੇ ਆਉਣ ਵਾਲੀ ਆਈ.ਐਮ.ਐਫ.ਐਲ. ਤੇ 25/-ਰੁਪਏ ਪ੍ਰਤੀ ਪਰੂਫ ਲੀਟਰ ਇੰਮਪੋਰਟ ਫੀਸ ਲਗਾਈ ਗਈ ਹੈ ।

32.0 ਬੀਅਰ ਅਸੈਸਡ ਫੀਸ :- ਸਾਲ 2016-17 ਦੌਰਾਨ ਲਾਈਟ ਅਤੇ ਸਟਰੋਂਗ ਬੀਅਰ ਤੇ ਕ੍ਰਮਵਾਰ 22/-ਰੁਪਏ ਅਤੇ 28/- ਰੁਪਏ ਪ੍ਰਤੀ ਬੀ.ਐਲ. ਅਸੈਸਡ ਫੀਸ ਨਿਰਧਾਰਤ ਕੀਤੀ ਗਈ ਹੈ। ਕੈਨ ਬੀਅਰ ਦੀ ਲਾਈਟ ਅਤੇ ਸਟਰੋਂਗ ਦੋਵੇਂ ਕਿਸਮਾਂ ਤੇ 25/-ਰੁਪਏ ਪ੍ਰਤੀ ਬੀ.ਐਲ. ਹੀ ਅਸੈਸਡ ਫੀਸ ਨਿਰਧਾਰਤ ਕੀਤੀ ਗਈ ਹੈ। ਇਹ ਅਸੈਸਡ ਫੀਸ L-1A ਜਾਂ L-1B ਅਤੇ ਪਹਿਲੀ ਵਾਰ ਆਯਾਤ ਕਰਨ ਵਾਲੇ ਲਾਇਸੰਸੀ ਤੋਂ ਲਈ ਜਾਵੇਗੀ। L-3,L-4 ਅਤੇ L-5,L-3A, L-4A ਅਤੇ L-5A, L-5B ਅਤੇ L-12C ਲਾਇਸੈਸਾਂ ਤੋ ਵਾਧੂ ਅਸੈਸਡ ਫੀਸ ਉਨ੍ਹਾਂ ਲਈ ਰੇਟ ਚਾਰਟ ਵਿੱਚ ਦਰਜ ਦਰਾਂ ਦੇ ਆਧਾਰ ਤੇ ਹੋਰ ਵਸੂਲੀ ਜਾਵੇਗੀ। ਉਪਰੋਕਤ ਦੇ ਅਧਾਰ ਤੇ ਜਿੱਥੇ ਅਸੈਸਡ ਫੀਸ ਪਹਿਲਾਂ ਤੋਂ ਹੀ ਅਦਾ ਕੀਤੀ ਗਈ ਹੋਵੇ, ਉਥੇ ਹੋਰ ਅਸੈਸਡ ਫੀਸ ਨਹੀਂ ਲਈ ਜਾਵੇਗੀ।

33.0 ਐਲ-3,4,5 ਅਤੇ ਐਲ- 3ਏ,4ਏ,5ਏ ਲਸੰਸਾਂ ਦੀ ਸਲਾਨਾ ਲਾਇਸੰਸ ਫੀਸ :-

ਕੁਝ ਹੋਟਲ ਅਤੇ ਰੈਸਟੋਰੈਂਟ ਜਥੇਬੰਦੀਆਂ ਵੱਲੋਂ ਇਹ ਬੇਨਤੀ ਕੀਤੀ ਗਈ ਕਿ ਸਾਲ 2015-16 ਦੌਰਾਨ ਬਾਰ ਲਸੰਸਾਂ ਦੀ ਫੀਸ ਵਿੱਚ ਭਾਰੀ ਵਾਧਾ ਕੀਤਾ ਗਿਆ ਸੀ ਜਿਸ ਦਾ ਉਨ੍ਹਾਂ ਦੇ ਵਪਾਰ ਤੇ ਮਾੜਾ ਅਸਰ ਪਿਆ ਹੈ। ਇਸ ਤੋਂ ਇਲਾਵਾ ਕੁਝ ਨਵੀਆਂ ਬਣੀਆਂ ਕਾਰਪੋਰੇਸਨਾਂ ਦੇ ਬਾਰ ਲਸੰਸੀਆਂ ਵੱਲੋਂ ਵੀ ਇਹ ਬੇਨਤੀ ਕੀਤੀ ਗਈ ਕਿ ਉਨ੍ਹਾਂ ਦੀ ਫੀਸ ਪੁਰਾਣੀਆਂ ਕਾਰਪੋਰੇਸਨ ਸਹਿਰਾਂ ਦੇ ਨਾਲੋਂ ਵੱਖਰੇ ਕਰਕੇ ਘਟਾਈ ਜਾਵੇ ਕਿਉਂਕਿ ਉਨ੍ਹਾਂ ਦੇ ਸਹਿਰਾਂ ਦੀ ਵਸੋਂ ਵੱਡੇ ਕਾਰਪੋਰੇਸਨ ਸਹਿਰਾਂ ਨਾਲੋਂ ਘੱਟ ਹੈ। ਪ੍ਰਤੀਬੇਨਤੀਆਂ ਨੂੰ ਵਿਚਾਰਨ ਉਪਰੰਤ ਇਸ ਮੰਗ ਨੂੰ ਜਾਇਜ ਪਾਇਆ ਗਿਆ ਹੈ। ਇਸ ਲਈ ਐਲ-3,4,5 ਅਤੇ ਐਲ- 3ਏ,4ਏ,5ਏ ਲਸੰਸਾਂ ਦੀ ਸਲਾਨਾ ਲਾਇਸੰਸ ਫੀਸ ਨੂੰ ਰੇਟ ਚਾਰਟ ਵਿੱਚ ਦਰਸਾਏ ਅਨੁਸਾਰ ਤਰਕਸੰਗਤ ਕਰ ਦਿੱਤਾ ਗਿਆ ਹੈ ।

34.0 ਨਵਕ੍ਰਿਤ ਜਾਂ ਨਵੇਂ ਜਾਰੀ ਹੋਣ ਵਾਲੇ ਕੁੱਝ ਹੋਰ ਲਾਇਸੰਸਾਂ ਲਈ ਸਾਲਾਨਾ ਲਾਇਸੰਸ ਫੀਸ/ਨਵਕ੍ਰਿਤੀ ਫੀਸ ਦੀਆਂ ਦਰਾਂ:-

ਡਿਸਟਿਲਰੀਜ/ਬਰੀਵਰੀਜ/ਬਾਂਡਡ ਵੇਅਰ ਹਾਊਸ-2 ਅਤੇ ਹੋਰ ਲਾਇਸੰਸਾਂ ਦੀ ਲਾਇਸੰਸ ਫੀਸ ਅਤੇ ਨਵਕ੍ਰਿਤੀ ਫੀਸਾਂ ਦੀ ਦਰ ਨੋਟ ਚਾਰਟ ਅਨੁਸਾਰ ਦਰਸਾਈ ਗਈ ਹੈ।

35.0 ਕੋਟਾ ਇੰਟਰਚੇਂਜ ਕਰਨ ਦੀ ਸਹੂਲਤ:-

ੳ) ਲਾਇਸੰਸੀ ਆਪਣੇ ਅੰਗਰੇਜ਼ੀ ਜਾਂ ਦੇਸੀ ਸਰਾਬ ਦੇ ਕੁੱਲ ਕੋਟੇ ਵਿੱਚੋ 10% ਤੱਕ ਦੇ ਕੋਟੇ ਨੂੰ ਦੇਸੀ ਤੋਂ ਅੰਗਰੇਜ਼ੀ ਜਾਂ ਅੰਗਰੇਜ਼ੀ ਤੋਂ ਦੇਸੀ ਕੋਟੇ ਵਿੱਚ ਮੰਗ ਅਨੁਸਾਰ ਤਬਦੀਲ ਕਰ ਸਕਦਾ ਹੈ ਅਤੇ ਤਬਦੀਲ ਕਰਨ ਉਪਰੰਤ ਚੁੱਕੇ ਜਾਣ ਵਾਲੇ ਕੋਟੇ ਉਤੇ ਲਾਗੂ ਸਾਰੀਆਂ ਆਬਕਾਰੀ ਲੇਵੀਆਂ ਦੇਣੀਆਂ ਲਾਜਮੀ ਹਨ। ਲਾਇਸੰਸੀ ਨੂੰ ਦੇਸੀ ਤੋਂ ਅੰਗਰੇਜ਼ੀ ਦੇ ਕੋਟੇ ਵਿੱਚ ਤਬਦੀਲੀ ਕਰਾਉਣ ਲਈ ਲਗਾਈਆਂ ਗਈਆਂ ਲੇਵੀਆਂ ਦਾ ਫਰਕ ਵੀ ਅਦਾ ਕਰਨਾ ਹੋਵੇਗਾ। ਇੱਥੇ ਇਹ ਸਪਸਟ ਕੀਤਾ ਜਾਂਦਾ ਹੈ ਕਿ ਦੇਸੀ ਸ਼ਰਾਬ ਤੋਂ ਅੰਗਰੇਜ਼ੀ ਸ਼ਰਾਬ ਵੱਲ ਇੰਟਰਚੈਂਜ ਕਰਵਾਉਣ ਵੇਲੇ ਬੇਸਿਕ ਲਾਇਸੰਸ ਫੀਸ ਅਤੇ ਸਪੈਸਲ ਲਾਇਸੰਸ ਫੀਸ ਅਤੇ ਅੰਗਰੇਜ਼ੀ ਸ਼ਰਾਬ ਤੇ ਬਣਦੀਆਂ ਲੈਵੀਜ ਦੀ ਅਦਾਇਗੀ ਕਰਨੀ ਪਵੇਗੀ ਅਤੇ ਅੰਗਰੇਜ਼ੀ ਸ਼ਰਾਬ ਤੋਂ ਦੇਸੀ ਸ਼ਰਾਬ ਦੀ ਇੰਟਰਚੈਂਜ ਕਰਵਾਉਣ ਲਈ ਅੰਗੇਰਜੀ ਸ਼ਰਾਬ ਦੀ ਲਾਇਸੰਸ ਫੀਸ ਅਤੇ ਦੇਸੀ ਸ਼ਰਾਬ ਦੀ ਸਿਰਫ ਅਡੀਸਨਲ ਲਾਇਸੰਸ ਫੀਸ ਦੀ ਅਦਾਇਗੀ ਕਰਨੀ ਪਵੇਗੀ।

ਅ) ਲਸੰਸਧਾਰੀ ਜਿਨਾਂ ਦੇ ਯੂਨਿਟਾਂ ਨਾਲ ਐਲ-2 ਠੇਕੇ ਸਬੰਧਤ ਹਨ, ਨੂੰ ਆਪਸ਼ਨ ਦਿੱਤੀ ਜਾਵੇਗੀ ਕਿ ਉਹ ਪੀ.ਐਮ. ਐਲ. ਦੇ ਕੋਟੇ ਦੇ 10% ਹਿੱਸੇ ਨੂੰ ਆਈ.ਐਮ.ਐਫ.ਐਲ. ਵਿੱਚ ਤਬਦੀਲ ਕਰ ਸਕਦੇ ਹਨ। ਇਹ ਆਪਸਨ ਉਨ੍ਹਾਂ ਬਰਾਂਡਾਂ ਲਈ ਹੋਵੇਗੀ, ਜਿਸਦੀ ਈ.ਡੀ.ਪੀ. 1200/- ਤੱਕ ਹੋਵੇਗੀ। ਇਹ ਆਪਸਨ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਦਿੱਤੀ ਜਾਵੇਗੀ :-

i) ਇਹ ਆਪਸ਼ਨ ਅਜਿਹੇ ਲਸੰਸ ਧਾਰਕਾਂ ਨੂੰ ਉਪਲਬਧ ਨਹੀਂ ਹੋਵੇਗੀ ਜਿਹਨਾਂ ਦੇ ਲਸਸਿੰਗ ਯੂਨਿਟਾਂ/ ਗਰੁੱਪ/ਜੋਨ ਵਿੱਚ ਕੇਲ ਐਲ-14 ਏ ਠੇਕਾ/ਠੇਕੇ ਹਨ।

ii) ਇਹ ਆਪਸ਼ਨ ਉਹਨਾਂ ਡਿਸਟਿਲਰੀਆਂ ਲਈ ਹੀ ਹੋਵੇਗੀ ਜੋ ਦੇਸੀ ਸ਼ਰਾਬ ਅਤੇ ਆਪਣੇ ਰਜਿਸਟਰਡ ਆਈ.ਐਮ.ਐਫ.ਐਲ. ਦੇ ਬਰਾਂਡਜ ਬਣਾਉਂਦੀਆਂ ਹਨ, ਇਸ ਸ਼ਰਤ ਤੇ ਕਿ ਤਬਦੀਲ ਹੋਣ ਵਾਲੇ ਆਈ.ਐਮ.ਐਫ.ਐਲ. ਦੇ ਬਰਾਂਡਾਂ ਦੀ ਈ.ਡੀ.ਪੀ. 1200/-ਰੁਪਏ ਪ੍ਰਤੀ ਕੇਸ ਤੋਂ ਵੱਧ ਨਾ ਹੋਵੇ।

iii) ਕਿਸੇ ਵੀ ਡਿਸਟਿਲਰੀ ਨੂੰ 10.00 ਲੱਖ ਪੀ.ਐਲ. ਤੋਂ ਵੱਧ ਤਬਦੀਲ ਕਰਨ ਦੀ ਆਗਿਆ ਨਹੀਂ ਹੋਵੇਗੀ।

iv) ਇਸ ਤਬਦੀਲੀ ਲਈ ਲਿਫਟ ਕੀਤੇ ਜਾਣ ਵਾਲੇ ਬਰਾਂਡ ਦੀ ਐਕਸਟਰਾ ਲਸੰਸ ਫੀਸ ਨਾਰਮਲ ਰੇਟ ਨਾਲੋਂ ਅੱਧੇ ਰੇਟ ਤੇ ਹੋਵੇਗੀ। ਤਬਦੀਲ ਕੀਤੇ ਕੋਟੇ ਤੇ ਆਈ.ਐਮ.ਐਫ.ਐਲ. ਤੇ ਲੱਗਣ ਵਾਲੀਆਂ ਬਾਕੀ ਸਾਰੀਆਂ ਲੇਵੀਆਂ ਲੱਗਣਗੀਆਂ।

v) ਇਹ ਤਬਦੀਲੀ ਦੇਸੀ ਸਰਾਬ ਦੇ 80 ਪ੍ਰਤੀਸਤ ਓਪਨ ਕੋਟੇ ਵਿੱਚੋਂ ਹੋਵੇਗੀ ਜਿਹੜਾ ਕਿ ਕਿਸੇ ਵੀ ਡੀ.2 ਲੰਸਸੀ ਤੋਂ ਚੁੱਕਿਆ ਜਾ ਸਕਦਾ ਹੈ, ਜਿਸ ਦੇ ਆਈ.ਐਮ.ਐਫ.ਐਲ. ਦੇ ਆਪਣੇ ਰਜਿਸਟਰਡ ਬਰਾਂਡ ਹੋਣ।

36.0 ਨਿਰਧਾਰਿਤ ਕੀਤੇ ਕੋਟੇ ਦੀ 100% ਲਿਫਟਿੰਗ ਅਤੇ ਸਾਰੀਆਂ ਫੀਸਾਂ ਯਕੀਨੀ ਬਣਾਉਣ ਬਾਰੇ:- ਲਾਇਸੰਸੀ ਲਈ ਜਰੂਰੀ ਹੈ ਕਿ ਉਹ ਮਿਤੀ 31-12-2016 ਤੱਕ ਆਪਣੇ ਸਮੁੱਚੇ ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਕੋਟੇ ਲਈ ਨਿਰਧਾਰਤ ਕੀਤੀ ਲਾਇਸੰਸ ਫੀਸ ਜਮ੍ਹਾਂ ਕਰਵਾਏਗਾ। ਜੇਕਰ 10 ਮਾਰਚ 2017 ਤੱਕ ਮੁਕੰਮਲ ਕੋਟਾ ਨਹੀਂ ਚੁੱਕਿਆ ਜਾਂਦਾ ਤਾਂ ਲਾਇਸੰਸੀ ਸਮੁੱਚੇ ਅਲਾਟ ਕੀਤੇ ਕੋਟੇ ਤੇ ਸਾਰੀਆਂ ਲਗਦੀਆਂ ਲੈਵੀਜ ਮਿਤੀ 15 ਮਾਰਚ ਤੱਕ ਅਦਾ ਕਰਨ ਲਈ ਜੁੰਮੇਵਾਰ ਹੋਵੇਗਾ । ਲਾਇਸੰਸੀ ਦੁਆਰਾ ਮਿਤੀ 10 ਮਾਰਚ ਤੱਕ 100% ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦਾ ਕੋਟਾ ਚੁਕਣਾ ਵੀ ਜਰੂਰੀ ਹੈ। ਜੇਕਰ ਲਾਇਸੰਸੀ ਆਪਣੇ ਕੋਟੇ ਦਾ ਕੁੱਝ ਹਿੱਸਾ ਚੁੱਕਣ ਵਿਚ ਅਸਮਰਥ ਹੋਵੇ ਤਾਂ ਉਹ 15 ਮਾਰਚ ਤੱਕ ਆਬਕਾਰੀ ਐਕਟ/ਨਿਯਮ/ ਆਬਕਾਰੀ ਨੀਤੀ ਅਨੁਸਾਰ ਸਾਰੀਆਂ ਬਣਦੀਆਂ ਲੈਵੀਜ ਅਤੇ ਲਾਇਸੰਸ ਫੀਸ ਜਮਾਂ ਕਰਵਾਉਣ ਲਈ ਜਿੰਮੇਵਾਰ ਹੈ। ਲਾਇਸੰਸੀ ਦੁਆਰਾ ਐਲ-13 ਜਾਂ ਐਲ-1 ਤੋਂ ਪੀ.ਐਮ.ਐਲ./ ਆਈ.ਐਮ.ਐਫ.ਐਲ./ਬੀਅਰ ਦੇ ਕੋਟੇ ਨੂੰ ਨਾਂ ਚੁੱਕਣ ਦੀ ਸੂਰਤ ਵਿੱਚ ਪੀ.ਐਮ.ਐਲ. ਦੇ ਕੋਟੇ ਲਈ ਨਿਰਧਾਰਤ ਅਡੀਸ਼ਨਲ ਲਾਇਸੰਸ ਫੀਸ, ਆਈ.ਐਮ.ਐਫ.ਐਲ. ਉਤੇ ਸਭ ਤੋ ਹੇਠਲੀ ਸ੍ਰੇਣੀ ਲਈ ਬਣਦੀ ਐਕਸਟਰਾ ਲਾਇਸੰਸ ਫੀਸ, ਬੀਅਰ ਤੇ ਅਸੈਸਡ ਫੀਸ ਅਤੇ ਹੋਰ ਦੂਸਰੀਆਂ ਲੈਵੀਜ 15 ਮਾਰਚ ਤੱਕ ਅਦਾ ਕਰਨ ਲਈ ਜਿੰਮੇਵਾਰ ਹੋਵੇਗਾ।

37.0 ਅਹਾਤੇ:- ਸਹਿਰੀ ਖੇਤਰਾਂ ਦੇ ਸਾਰੇ ਲਾਇਸੰਸਿੰਗ ਯੂਨਿਟਾਂ ਦੇ ਨਾਲ ਅਹਾਤੇ ਲਾਇਸੰਸ ਐਲ-52 ਖੋਲਣ ਦੀ ਇਜਾਜਤ ਹੋਵੇਗੀ। ਜੇਕਰ ਕਿਸੇ ਕਾਰਣ ਕਿਸੇ ਸ਼ਹਿਰੀ ਖੇਤਰ ਵਿੱਚ ਅਹਾਤਾ ਨਹੀਂ ਖੁਲੱਦਾ ਉਸ ਸੂਰਤ ਵਿੱਚ ਸ਼ਰਾਬ ਦੇ ਠੇਕੇਦਾਰ ਨੂੰ ਉਸ ਅਹਾਤੇ ਦੀ ਬਣਦੀ ਲਾਇਸੰਸ ਫੀਸ ਅਦਾ ਕਰਨੀ ਲਾਜਮੀ ਹੋਵੇਗੀ। ਜਿਹੜੇ ਅਹਾਤੇ ਐਲ-14ਏ ਅਤੇ ਐਲ-2 ਠੇਕਿਆਂ ਨਾਲ ਸਬੰਧਿਤ ਹੋਣਗੇ ਉਨਾਂ ਤੇ ਆਈ.ਐਮ.ਐਫ.ਐਲ. ਦੇ ਠੇਕੇ ਤੇ ਲੱਗਣ ਵਾਲੀਆਂ ਫੀਸਾਂ ਹੀ ਲਾਗੂ ਹੋਣਗੀਆਂ। ਅਹਾਤਿਆਂ ਦੇ ਲੰਸਸ ਐਲ-52 ਨੂੰ ਪੰਜਾਬ ਇੰਟੋਕਿਸੀਕੈਂਟ ਲੰਸਸ ਤੇ ਸੇਲ ਆਰਡਰ, 1956 ਦੀ ਮੱਦ 8 ਤੋ 14 ਦੀ ਛੋਟ ਹੋਵੇਗੀ।

38.0 ਪਰਚੂਨ ਵਿੱਚ ਵਿਕਰੀ ਰੇਟ :- ਹਰ ਸਾਲ ਦੀ ਆਬਕਾਰੀ ਨੀਤੀ ਵਿੱਚ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੀ ਪ੍ਰਚੂਨ ਵਿਕਰੀ ਦੇ ਘੱਟੋ-ਘੱਟ ਰੇਟ ਫਿਕਸ ਕੀਤੇ ਜਾਂਦੇ ਹਨ। ਇਹ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਠੇਕੇਦਾਰ ਇੱਕ ਦੂਜੇ ਨਾਲ price war ਵਿੱਚ ਨਾ ਪੈਣ ਅਤੇ ਸਰਕਾਰ ਦਾ

ਮਾਲੀਆ ਸੁਰੱਖਿਅਤ ਰਹੇ। ਇਹ ਮਿਨਿਮਮ ਰਿਟੇਲ ਪ੍ਰਾਈਸ ਸਰਕਾਰ ਵੱਲੋਂ ਵੱਖ-2 ਲੈਵੀਜ ਅਤੇ ਹੋਰ ਸਬੰਧਤ ਤੱਥਾਂ ਨੂੰ ਧਿਆਨ ਵਿੱਚ ਰੱਖਕੇ ਨਿਰਧਾਰਿਤ ਕੀਤੇ ਜਾਂਦੇ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਦੇਸੀ ਸਰਾਬ ਦੀ ਜਿਆਦਾਤਰ ਖਪਤ ਸਮਾਜ ਦੇ ਗਰੀਬ/ਆਰਥਿਕ ਰੂਪ ਵਿੱਚ ਕਮਜੋਰ ਤਬਕੇ ਵੱਲੋਂ ਕੀਤੀ ਜਾਂਦੀ ਹੈ। ਇਹ ਵੀ ਪਾਇਆ ਗਿਆ ਹੈ ਕਿ ਕੁਝ ਥਾਵਾਂ ਤੇ ਲਸੰਸੀ ਗ੍ਰਾਹਕਾਂ ਤੋਂ ਬਹੁਤ ਜਿਆਦਾ ਕੀਮਤ ਵਸੂਲਦੇ ਹਨ। ਇਸ ਤਰ੍ਹਾਂ ਮਾਰਕੀਟ ਵਿੱਚ ਜਿਥੇ ਕੁਝ ਥਾਵਾਂ ਤੇ ਸਰਾਬ ਘੱਟ ਰੇਟ ਤੇ ਮਿਲਦੀ ਹੈ, ਉਥੇ ਕੁਝ ਥਾਵਾਂ ਤੇ ਗ੍ਰਾਹਕਾਂ ਨੂੰ ਬਹੁਤ ਮਹਿੰਗੀ ਸਰਾਬ ਵੇਚੀ ਜਾਂਦੀ ਹੈ ਜੋ ਕਿ ਉਚਿਤ ਨਹੀਂ ਹੈ। ਇਸ ਲਈ ਸਾਲ 2016-17 ਦੌਰਾਨ ਦੇਸੀ ਸ਼ਰਾਬ ਅਤੇ ਅੰਗਰੇਜ਼ੀ ਸ਼ਰਾਬ ਦੀਆਂ ਵੱਖ-ਵੱਖ ਕੈਟਾਗਰੀਆਂ ਲਈ ਅਤੇ ਬੀਅਰ ਦੀ ਮੀਨੀਮਮ ਅਤੇ ਮੈਕਸੀਮਮ ਰਿਟੇਲ ਪ੍ਰਾਈਸ ਨਿਰਧਾਰਿਤ ਕੀਤੀ ਗਈ ਹੈ। ਪੰਜਾਬ ਵਿੱਚ ਵਿਕਣ ਵਾਲੇ ਅੰਗਰੇਜ਼ੀ ਸ਼ਰਾਬ, ਬੀਅਰ ਅਤੇ ਦੇਸੀ ਸ਼ਰਾਬ ਦੇ 50 ਡਿਗਰੀ, 65 ਡਿਗਰੀ ਅਤੇ 75 ਡਿਗਰੀ ਲਈ ਪ੍ਰਤੀ ਬੋਤਲ ਤਜਵੀਜ਼ਤ ਮੀਨੀਮਮ ਅਤੇ ਮੈਕਸਿਮਮ ਰਿਟੇਲ ਪ੍ਰਾਈਸ (ਐਮ.ਆਰ.ਪੀ.) *ਅਨੁਲੱਗ-6* ਤੇ ਹੈ। ਜਿਹੜੀਆਂ ਕੈਟੇਗਰੀਆਂ ਇਸ ਅਨੁੱਲਗ ਵਿੱਚ ਕਵਰ ਨਹੀਂ ਹੁੰਦੀਆਂ, ਉਨ੍ਹਾਂ ਦੀ ਐਮ.ਆਰ.ਪੀ. ਇਸ ਅਨੁਲੱਗ ਵਿੱਚ ਅਪਣਾਏ ਫਾਰਮੂਲੇ ਅਨੁਸਾਰ ਨਿਰਧਾਰਿਤ ਕਰ ਦਿੱਤੀ ਜਾਵੇਗੀ। ਠੇਕੇਦਾਰ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਆਪਣੇ ਠੇਕੇ ਤੇ ਬਰਾਂਡਾਂ ਦੇ ਰੇਟ ਉੱਘੇ ਤੌਰ ਤੇ ਡਿਸਪਲੇ ਕਰੇ। ਇਸ ਤੋਂ ਇਲਾਵਾ, ਸਮੇ-ਸਮੇ ਤੇ ਲੋੜ ਅਨੁਸਾਰ, ਜੇ ਆਬਕਾਰੀ ਤੇ ਕਰ ਕਮਿਸ਼ਨਰ ਮਹਿਸੂਸ ਕਰਦੇ ਹਨ ਤਾਂ ਕਿਸੇ ਬਰਾਂਡ ਦੇ ਰੇਟ ਡਿਸਪਲੇ ਲਈ ਹਦਾਇਤਾਂ ਜਾਰੀ ਕਰ ਸਕਣਗੇ। ਜੇਕਰ ਕੋਈ ਲਸੰਸੀ ਅਨੁਲੱਗ ਵਿੱਚ ਦਿੱਤੇ ਰੇਟਾਂ ਤੋਂ ਘੱਟ ਰੇਟਾਂ ਤੇ ਜਾਂ ਵੱਧ ਰੇਟਾਂ ਤੇ ਸ਼ਰਾਬ ਵੇਚਦਾ ਹੈ ਤਾਂ ਹੇਠ ਲਿਖੇ ਅਨੁਸਾਰ ਜੁਰਮਾਨਾ ਲਗਾਇਆ ਜਾਵੇਗਾ :

| | | |
|---|---|---|
| 1. | ਪਹਿਲੀ ਉਲੰਘਣਾ | ਜੁਰਮਾਨਾ 3 ਲੱਖ ਰੁਪਏ |
| 2. | ਦੂਜੀ ਉਲੰਘਣਾ | ਜੁਰਮਾਨਾ 10 ਲੱਖ ਰੁਪਏ |
| 3. | ਤੀਜੀ ਜਾਂ ਹਰ ਅਗਲੀ ਉਲੰਘਣਾ | ਹਰ ਉਲੰਘਣਾ ਲਈ ਗਰੁੱਪ/ ਜੋਨ ਦਾ ਲਾਇਸੰਸ ਇੱਕ ਹਫਤੇ ਲਈ ਮੁਅੱਤਲ। |

39.0 ਮੈਰਿਜ ਪੈਲਿਸ ਵਿੱਚ ਵਿਕਰੀ ਦੇ ਰੇਟ:- ਆਮ ਤੋਰ ਤੇ ਠੇਕੇਦਾਰ ਮੈਰਿਜ ਪੈਲਿਸਜ ਵਿੱਚ ਵਿਕਣ ਵਾਲੀ ਸਰਾਬ ਦੇ ਕਾਫੀ ਜਿਆਦਾ ਰੇਟ ਚਾਰਜ ਕਰਦੇ ਹਨ ਜਿਸ ਨਾਲ ਪਬਲਿਕ ਵਿੱਚ ਸਰਕਾਰ ਦਾ ਅਕਸ ਖਰਾਬ ਹੁੰਦਾ ਹੈ। ਇਸ ਲਈ ਮੈਰਿਜ ਪੈਲਿਸਾਂ ਵਿੱਚ ਵਿਕਣ ਵਾਲੀ ਸਰਾਬ ਦੇ ਵੱਧ ਤੋਂ ਵੱਧ ਰੇਟ ਨਿਰਧਾਰਿਤ ਕੀਤੇ ਗਏ ਹਨ। ਮੈਰਿਜ ਪੈਲਿਸ ਵਿੱਚ ਫੰਕਸ਼ਨ ਕਰਨ ਲਈ ਪਰਮਿਟ

ਹੋਲਡਰ ਨੂੰ ਸਿਰਫ ਵਿਆਹ ਦੇ ਫੰਕਸ਼ਨ ਲਈ ਹੀ ਸ਼ਰਾਬ ਸਬੰਧਤ ਆਬਕਾਰੀ ਜਿਲੇ ਜਾਂ ਸਬੰਧਤ ਕਾਰਪੋਰੇਸ਼ਨ ਖੇਤਰ ਦੇ ਕਿਸੇ ਵੀ ਠੇਕੇ ਤੋਂ ਖਰੀਦਣ ਦੀ ਇਜਾਜਤ ਹੋਵੇਗੀ ਪਰ ਜੇਕਰ ਕੋਈ ਵਿਅਕਤੀ ਐਲ.50ਏ ਪਰਮਿਟ ਦੀਆਂ ਸ਼ਰਤਾਂ ਦੀ ਉਲੰਘਣਾ ਕਰੇਗਾ ਤਾਂ ਉਸ ਵਿਰੁੱਧ ਪੰਜਾਬ ਆਬਕਾਰੀ ਐਕਟ ਦੀ ਧਾਰਾ 61 ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਮੈਰਿਜ ਪੈਲਿਸਾਂ ਵਿੱਚ ਸਰਵ ਕੀਤੇ ਜਾਣ ਵਾਲੀ ਸਰਾਬ ਦੇ ਵੱਧ ਤੋਂ ਵੱਧ ਰੇਟ ਵੀ ਨਿਰਧਾਰਿਤ ਕੀਤੇ ਜਾਣਗੇ ਅਤੇ *ਅਨੁਲੱਗ-7* ਤੇ ਪ੍ਰਮੁੱਖ ਬਰਾਂਡਾਂ ਦੇ ਪੇਟੀ ਦੇ ਰੇਟ ਨਿਰਧਾਰਿਤ ਕੀਤੇ ਗਏ ਹਨ। ਠੇਕੇਦਾਰ ਲਈ ਇਹ ਲਾਜਮੀ ਹੋਵੇਗਾ ਕਿ ਮੈਰਿਜ ਪੈਲਿਸਾਂ ਵਿੱਚ ਸਰਵ ਹੋਣ ਵਾਲੀ ਸਰਾਬ ਇਨ੍ਹਾਂ ਰੇਟਾਂ ਤੋਂ ਵੱਧ ਤੇ ਨਾ ਵੇਚੇ। ਇਹ ਰੇਟ ਵਿਭਾਗ ਦੀ ਵੈੱਬਸਾਈਟ ਤੇ ਪਾ ਦਿੱਤੇ ਹਨ। ਇਸਤੋਂ ਇਲਾਵਾ ਜਦੋਂ ਵੀ ਕੋਈ ਵਿਅਕਤੀ ਵਿਭਾਗ ਤੋਂ ਐਲ-50-ਏ ਪਰਮਿਟ ਲੈਣ ਆਉਂਦਾ ਹੈ ਤਾਂ ਉਸਨੂੰ ਇਹ ਲਿਸਟ ਦੇ ਦਿੱਤੀ ਜਾਵੇਗੀ। ਜੇਕਰ ਕੋਈ ਬਰਾਂਡ *ਅਨੁਲੱਗ-7* ਦੀ ਲਿਸਟ ਵਿੱਚੋਂ ਰਹਿ ਗਏ ਹੋਣਗੇ, ਤਾਂ ਉਨ੍ਹਾਂ ਦੀ ਕੀਮਤ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਵੱਲੋਂ ਨਿਰਧਾਰਿਤ ਕਰ ਦਿੱਤੀ ਜਾਵੇਗੀ। ਐਲ 50-ਏ ਪਰਮਿਟ ਸੇਵਾ ਕੇਂਦਰਾਂ ਦੇ ਰਾਂਹੀ ਵੀ ਜਾਰੀ ਕੀਤੇ ਜਾਣਗੇ। ਜੇਕਰ ਕੋਈ ਲਾਇਸੰਸੀ ਇਨ੍ਹਾਂ ਰੇਟਾਂ ਤੋਂ ਵੱਧ ਤੇ ਸ਼ਰਾਬ ਵੇਚਦਾ ਪਾਇਆ ਜਾਂਦਾ ਹੈ ਤਾਂ ਉਸਤੇ ਇੱਕ ਲੱਖ ਰੁਪਏ ਜੁਰਮਾਨਾ ਲੱਗੇਗਾ। ਦੂਜੀ ਵਾਰ ਇਸ ਉਪਬੰਧ ਦੀ ਉਲੰਘਣਾ ਤੇ ਜੁਰਮਾਨਾ ਦੁੱਗਣਾ ਹੋ ਜਾਵੇਗਾ ਅਤੇ ਤੀਜੀ ਉਲੰਘਣਾ ਤੇ ਉਸ ਦੀ ਵੈਂਡ ਇੱਕ ਮਹੀਨੇ ਲਈ ਬੰਦ ਕਰ ਦਿੱਤੀ ਜਾਵੇਗੀ।

